ISSN: 2584-0509



(Page 193 to 208)

# ਪ੍ਰੇਤ



ਮੂਲ ਲੇਖਕ
ਅਸ਼ੋਕ ਸਕਸੈਨਾ
ਭਰਤਪੁਰ,ਰਾਜਸਥਾਨ-
321001
+91 9314780280



ਅਨੁਵਾਦਕ
ਪ੍ਰੋ ਨਵ ਸੰਗੀਤ ਸਿੰਘ
ਪਟਿਆਲਾ-147002.
+91 9417692015

ਬਾਰਿਸ਼ ਬਹੁਤ ਜ਼ਿਆਦਾ ਸੀ। ਮੈਨੂੰ ਆਪਣਾ ਸਾਈਕਲ ਦਫ਼ਤਰ ਵਿੱਚ ਛੱਡ ਕੇ ਆਟੋ-ਰਿਕਸ਼ਾ ਰਾਹੀਂ ਘਰ ਆਉਣਾ ਪਿਆ। ਸੰਭਲ ਕੇ ਬੈਠਣ ਦੇ ਬਾਵਜੂਦ ਤੇਜ਼ ਬੁਛਾੜ ਨਾਲ ਮੇਰੇ ਕੱਪੜੇ ਭਿੱਜ ਗਏ ਸਨ। ਪੂਰੀ ਰਫ਼ਤਾਰ ਨਾਲ ਚੱਲਦੇ ਆਟੋ ਕਰਕੇ ਠੰਢੀ ਹਵਾ ਮੇਰੇ ਚਿਹਰੇ 'ਤੇ ਵੱਜ ਰਹੀ ਸੀ।

ਜਦੋਂ ਮੈਂ ਘਰ ਪਹੁੰਚਿਆ, ਮੈਂ ਠੰਡ ਨਾਲ ਕੰਬ ਰਿਹਾ ਸਾਂ। ਆਟੋ ਤੋਂ ਉੱਤਰ ਕੇ ਮੈਂ ਸਿੱਧਾ ਉੱਪਰ ਆਪਣੇ ਕੁਆਰਟਰ ਵਿੱਚ ਗਿਆ। ਕੱਪੜੇ ਬਦਲਣ ਤੋਂ ਬਾਅਦ ਮੈਂ ਆਪਣੇ ਉੱਤੇ ਇੱਕ ਲੋਈ ਲੈ ਲਈ। ਆਟੋ ਅਜੇ ਹੇਠਾਂ ਖੜ੍ਹਾ ਸੀ। ਮੈਂ ਆਪਣਾ ਬਟੂਆ ਲੈ ਕੇ ਗਿਆ ਅਤੇ ਉਹਦਾ ਕਿਰਾਇਆ ਦੇ ਕੇ ਉੱਪਰ ਆ ਗਿਆ। ਇਸ ਮੌਸਮ ਵਿੱਚ ਇਸ ਸਮੇਂ ਬੰਦ ਕਮਰੇ ਦੀ ਗਰਮਾਹਟ ਚੰਗੀ ਲੱਗੀ। ਮੈਂ ਤਿਪਾਈ 'ਤੇ ਪਿਆ ਅਖਬਾਰ ਚੁੱਕਿਆ ਅਤੇ ਬਿਸਤਰੇ 'ਤੇ ਜਾ ਬੈਠਾ - ਆਂਧਰਾ ਪ੍ਰਦੇਸ਼ ਵਿੱਚ ਰਾਮਾ ਰਾਓ ਸਰਕਾਰ ਬਰਖਾਸਤ, ਦੋ ਅੱਤਵਾਦੀ ਪੁਲਿਸ ਮੁਕਾਬਲੇ ਵਿੱਚ ਮਾਰੇ ਗਏ, ਥਾਣੇ ਵਿੱਚ ਬਲਾਤਕਾਰ : ਦਰੋਗਾ ਮੁਅੱਤਲ, ਮਹਾਰਾਸ਼ਟਰ ਵਿੱਚ ਫਿਰਕੂ ਦੰਗੇ : 300 ਮਰੇ, ਦੱਖਣੀ ਦਿੱਲੀ ਦੇ ਬੈਂਕ ਵਿੱਚ ਦਿਨ-ਦਿਹਾੜੇ ਡਕੈਤੀ, ਅਮਰੀਕਾ ਵੱਲੋਂ ਭਾਰਤ ਦੇ ਸ਼ਾਂਤੀ ਯਤਨਾਂ ਦੀ ਪ੍ਰਸ਼ੰਸਾ - ਸੁਰਖੀਆਂ ਤੇ ਨਜ਼ਰ ਮਾਰ ਕੇ ਮੈਂ ਅਖਬਾਰ ਇੱਕ ਪਾਸੇ ਰੱਖ ਦਿੱਤਾ। ਪਤਨੀ ਚਾਹ ਲੈ ਆਈ ਸੀ। "ਆਗਰੇ ਤੋਂ ਤਾਰ ਆਈ ਹੈ," ਚਾਹ ਦਾ ਕੱਪ ਫੜਾਉਂਦੀ ਹੋਈ ਉਹ ਬੋਲੀ ਅਤੇ ਤਹਿ ਕੀਤੀ ਤਾਰ ਤਿਪਾਈ 'ਤੇ ਰੱਖ ਦਿੱਤੀ।

ਇਸ ਕੜਾਕੇ ਦੀ ਸਰਦੀ ਵਿੱਚ ਬਿਸਤਰੇ ਵਿੱਚ ਚਾਹ ਪੀਣ ਦਾ ਆਪਣਾ ਹੀ ਮਜ਼ਾ ਹੈ। ਮੈਂ ਇਸ ਮਜ਼ੇ ਨੂੰ ਕਿਰਕਿਰਾ ਨਹੀਂ ਕਰਨਾ ਚਾਹੁੰਦਾ, ਕਿਉਂਕਿ ਮੈਨੂੰ ਪਤਾ ਹੈ ਕਿ ਇਹ ਤਾਰ ਬਾਬੂ ਜੀ ਦੀ ਬਿਮਾਰੀ ਬਾਰੇ ਜਾਂ ਵੱਧ ਤੋਂ ਵੱਧ ਉਨ੍ਹਾਂ ਦੀ ਮੌਤ ਬਾਰੇ ਹੋਵੇਗੀ। ਮੈਂ ਚਾਹ ਦੇ ਘੁੱਟ ਭਰਦਾ ਰਿਹਾ ਪਰ ਬਾਬੂ ਜੀ ਦਾ ਚਿਹਰਾ ਸਾਹਮਣੇ ਪਈ ਤਾਰ ਤੋਂ ਵਾਰ-ਵਾਰ ਉਭਰਨ ਲੱਗਿਆ। ਅਜਿਹਾ ਮਹਿਸੂਸ ਹੋਇਆ ਜਿਵੇਂ ਬਾਬੂ ਜੀ ਦੀਆਂ ਅੱਖਾਂ ਤਾਰ ਵਿੱਚੋਂ ਬਾਹਰ ਝਾਕ ਕੇ ਮੇਰੇ ਵੱਲ ਘੂਰ ਰਹੀਆਂ ਹੋਣ। ਮੈਂ ਆਪਣੇ ਮਨ ਵਿੱਚੋਂ ਇਹ ਵਿਚਾਰ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਨਹੀਂ ਕੱਢ ਸਕਿਆ। ਚਾਹ ਬੇਸੁਆਦ ਲੱਗਣ ਲੱਗੀ। ਮੈਂ ਹੱਥ ਵਧਾ ਕੇ ਤਿਪਾਈ ਤੋਂ ਤਾਰ ਚੁੱਕੀ। ਆਗਰੇ ਤੋਂ ਛੋਟੇ ਭਰਾ ਦੀ ਤਾਰ ਸੀ: "ਫਾਦਰ ਐਕਸਪਾਇਰਡ।" ਮੈਂ ਤਾਰ ਵਾਪਸ ਤਿਪਾਈ 'ਤੇ ਰੱਖੀ ਅਤੇ ਅਣਮੰਨੇ ਮਨ ਨਾਲ ਚਾਹ ਪੀਣ

ਲੱਗਾ। ਇਹ ਦੱਸਣਾ ਮੁਸ਼ਕਿਲ ਹੈ ਕਿ ਮੈਂ ਇਸ ਖ਼ਬਰ ਤੋਂ ਖੁਸ਼ ਸੀ ਜਾਂ ਉਦਾਸ। ਉਂਜ ਮੈਨੂੰ ਆਪਣੇ ਪਿਤਾ ਦੀ ਮੌਤ ਤੋਂ ਦੁਖੀ ਹੋਣਾ ਚਾਹੀਦਾ ਸੀ, ਪਰ ਮੈਨੂੰ ਕੋਈ ਦਰਦ ਮਹਿਸੂਸ ਨਹੀਂ ਹੋਇਆ।

"ਕੀ ਸੋਚ ਰਹੇ ਹੋ?" ਕਾਂਤੀ ਨੇ ਮੈਨੂੰ ਚੁੱਪ ਵੇਖ ਕੇ ਪੁੱਛਿਆ।

"ਕੁਝ ਨਹੀਂ।"

ਉਹ ਉੱਠ ਕੇ ਰਸੋਈ ਵਿੱਚ ਚਲੀ ਗਈ। ਉਹ ਬਹੁਤ ਭਾਵੁਕ ਔਰਤ ਹੈ। ਭਾਵੇਂ ਉਸਨੂੰ ਕਦੇ ਆਗਰੇ ਜਾਂ ਘਰ ਵਿੱਚ ਰਹਿਣ ਦਾ ਮੌਕਾ ਨਹੀਂ ਮਿਲਿਆ ਸੀ, ਫਿਰ ਵੀ ਉਸਦਾ ਘਰ ਨਾਲ ਇੱਕ ਖਾਸ ਤਰ੍ਹਾਂ ਦਾ ਲਗਾਓ ਰਿਹਾ ਹੈ। ਉਸਨੇ ਬਾਬੂ ਜੀ ਨੂੰ ਸਿਰਫ਼ ਇੱਕ ਵਾਰ ਵੇਖਿਆ ਹੈ। ਉਹ ਵੀ ਉਦੋਂ ਜਦੋਂ ਕਾਨ੍ਹਪੁਰ ਜਾਂਦੇ ਹੋਏ ਇੱਕ ਦਿਨ ਅਸੀਂ ਆਗਰੇ ਰੁਕੇ ਸਾਂ। ਪਰ ਹੁਣ ਉਹ ਕਈ ਦਿਨਾਂ ਤੱਕ ਬਾਬੂ ਦੀ ਮੌਤ ਦਾ ਸੋਗ ਮਨਾਉਂਦੀ ਰਹੇਗੀ।

ਸਬਜ਼ੀ ਦੀ ਟੋਕਰੀ ਲੈ ਕੇ ਉਹ ਕਮਰੇ ਵਿੱਚ ਆ ਕੇ ਬੈਠ ਗਈ।

"ਕਦੋਂ ਜਾ ਰਹੇ ਹਾਂ?" ਉਹਨੇ ਆਲੂ ਛਿੱਲਦੇ ਹੋਏ ਪੁੱਛਿਆ।

"ਕਿੱਥੇ?"

ਉਹਨੇ ਕੁਝ ਨਹੀਂ ਕਿਹਾ। ਸਿਰਫ ਇੱਕ ਪਲ ਅੱਖਾਂ ਚੁੱਕ ਕੇ ਮੇਰੇ ਵੱਲ ਵੇਖਿਆ। ਮੈਂ ਤੁਰੰਤ ਨਜ਼ਰਾਂ ਹਟਾ ਲਈਆਂ ਅਤੇ ਦੂਜੇ ਪਾਸੇ ਵੇਖਣ ਲੱਗ ਪਿਆ, ਜਿੱਥੇ ਤਿਪਾਈ 'ਤੇ ਕੱਪ ਦੇ ਹੇਠਾਂ ਦੱਬੀ ਹੋਈ ਤਾਰ ਦਰਵਾਜ਼ੇ ਤੋਂ ਆਉਂਦੀ ਹਵਾ ਨਾਲ ਰੁਕ-ਰੁਕ ਕੇ ਫੜਫੜਾ ਰਹੀ ਸੀ।

"ਇੱਕ ਗੱਲ ਕਹਾਂ?" ਉਸਨੇ ਕਿਹਾ।

ਮੈਂ ਚੁੱਪ ਰਿਹਾ। ਕੁਝ ਦੇਰ ਬਾਅਦ ਉਹ ਗੰਭੀਰ ਹੋ ਕੇ ਬੋਲੀ, "ਕੀ ਖ਼ੂਨ ਦੇ ਰਿਸ਼ਤੇ ਦੀ ਇਹੋ ਪਹਿਚਾਣ ਰਹਿ ਗਈ ਹੈ? ... ਪਿਓ ਕਿੰਨਾ ਵੀ ਬਦਚਲਣ ਅਤੇ ਨਿਕੰਮਾ ਕਿਉਂ ਨਾ ਹੋਵੇ, ਔਲਾਦ ਨਾਲ ਉਹਦਾ ਨਾਂ ਤਾਂ ਜੁੜੇਗਾ ਹੀ ... ਉਨ੍ਹਾਂ ਵਿੱਚ ਲੱਖਾਂ ਐਬ ਹੋਣ, ਸਾਨੂੰ ਉਸ ਨਾਲ ਕੀ? ਲੋਕ ਕੀ ਕਹਿਣਗੇ - ਕਿਹੋ ਜਿਹਾ ਆਦਮੀ ਹੈ, ਮੌਤ ਦੀ ਖ਼ਬਰ ਸੁਣ ਕੇ ਵੀ ਨਹੀਂ ਆਇਆ।"

"ਜਦੋਂ ਜਿਉਂਦੇ-ਜੀਅ ਕੋਈ ਰਿਸ਼ਤਾ ਨਹੀਂ ਰਿਹਾ, ਤਾਂ ਹੁਣ ਉਨ੍ਹਾਂ ਦੀ ਮੌਤ ਤੇ ਜਾ ਕੇ ਕੀ ਕਰਾਂਗਾ?"

"ਉਹ ਕਿਹੜਾ ਵੇਖਣ ਆਉਣਗੇ ਕਿ ਕੌਣ ਆਇਆ ਅਤੇ ਕੌਣ ਨਹੀਂ? ਮਾੜੇ ਸਮੇਂ ਵਿੱਚ ਤਾਂ ਬਿਗਾਨੇ ਵੀ ਨਾਲ ਜਾਂਦੇ ਹਨ। ਵੱਡੇ ਪੁੱਤਰ ਦੇ ਨਾਤੇ...

"ਰਮੇਸ਼ ਹੈ ਤਾਂ ਸਹੀ ਉਥੇ," ਮੈਂ ਗੱਲ ਖਤਮ ਕਰਨ ਦੇ ਮੰਤਵ ਨਾਲ ਕਿਹਾ।

"ਠੀਕ ਹੈ, ਨਾ ਜਾਓ ਤੁਸੀਂ। ਮੈਂ ਰਵੀ ਨਾਲ ਚਲੀ ਜਾਵਾਂਗੀ," ਉਸਨੇ ਵੀ ਜਿਵੇਂ ਗੱਲ ਖਤਮ ਕਰਨ ਲਈ ਕਿਹਾ ਅਤੇ ਉੱਠ ਕੇ ਰਸੋਈ ਵਿੱਚ ਚਲੀ ਗਈ।

ਕਾਂਤੀ ਸ਼ਾਇਦ ਨਰਾਜ਼ ਹੋ ਗਈ ਸੀ। ਮੈਨੂੰ ਇਸ ਸਮੇਂ ਉਸ 'ਤੇ ਸਿਰਫ਼ ਤਰਸ ਆਇਆ। ਮੇਰਾ ਬਚਪਨ ਜਿਵੇਂ ਬੀਤਿਆ ਹੈ, ਉਹ ਸਭ ਜਾਣਦੀ ਹੈ। ਵਿਆਹ ਤੋਂ ਬਾਅਦ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਲਈ ਸਖ਼ਤ ਮਿਹਨਤ ਕਰਨ ਕਰਕੇ ਉਸਦੇ ਵਾਲ ਪੱਕ ਗਏ ਹਨ। ਉਸਨੇ ਆਪਣੀ ਪੂਰੀ ਜ਼ਿੰਦਗੀ ਆਪਣੇ ਬੱਚਿਆਂ ਦੀਆਂ ਜ਼ਰੂਰਤਾਂ ਨੂੰ ਕੁਰਬਾਨ ਕਰਕੇ ਉਸ ਘਰ ਨੂੰ ਬਣਾਉਣ ਵਿੱਚ ਬਿਤਾਈ ਹੈ, ਜਿਸਨੂੰ ਬਾਬੂ ਜੀ ਨੇ ਲਗਭਗ ਤਬਾਹ ਕਰ ਦਿੱਤਾ ਸੀ। ਆਪਣੇ ਨਨਾਣਾਂ ਦਿਓਰਾਂ ਦੀ ਪੜ੍ਹਾਈ-ਲਿਖਾਈ ਤੋਂ ਲੈ ਕੇ ਉਨ੍ਹਾਂ ਦੇ ਵਿਆਹ-ਸ਼ਾਦੀਆਂ ਤੱਕ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਉਹ ਅਕਸਰ ਬਾਬੂ ਜੀ ਨੂੰ ਕੋਸਦੀ ਰਹੀ ਹੈ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਬਾਬੂ ਜੀ ਦੀ ਮੌਤ ਮੇਰੇ ਵਾਂਗ ਕਾਂਤੀ ਨੂੰ ਵੀ ਪਰੇਸ਼ਾਨ ਨਹੀਂ ਕਰ ਸਕੀ ਹੈ। ਸਿਰਫ ਲੋਕਲਾਜ ਲਈ ਇਸ ਮੌਕੇ ਤੇ ਆਗਰੇ ਜਾਣਾ ਉਹਨੂੰ ਜ਼ਰੂਰੀ ਲੱਗ ਰਿਹਾ ਹੈ।

ਮੈਂ ਉੱਠ ਕੇ ਰਸੋਈ ਵਿੱਚ ਆ ਗਿਆ। “ਅੱਜ ਬੱਚੇ ਵਿਖਾਈ ਨਹੀਂ ਦੇ ਰਹੇ,” ਮੈਂ ਪੁੱਛਿਆ।

"ਕਾਲਜ ਵਿੱਚ ਕੋਈ ਪ੍ਰੋਗਰਾਮ ਹੈ। ਨੀਰਾ ਪਿੰਟੂ ਨਾਲ ਗਈ ਹੈ," ਕਾਂਤੀ ਨੇ ਦੱਸਿਆ।

"ਤੇ ਰਵੀ?"

"ਉਹ ਏਥੇ-ਕਿਤੇ ਘੁੰਮਣ ਗਿਆ ਹੋਵੇਗਾ," ਉਸਨੇ ਉਦਾਸੀਨਤਾ ਨਾਲ ਕਿਹਾ।

"ਸੁਣ, ਖਾਣਾ ਬਣਾ ਕੇ ਸਮਾਨ ਪੈਕ ਕਰ ਲੈ। ਰਾਤ ਦੀ ਗੱਡੀ ਤੇ ਚੱਲਾਂਗੇ," ਮੈਂ ਬਿਨਾਂ ਕਿਸੇ ਭੂਮਿਕਾ ਤੋਂ ਕਿਹਾ।

"ਠੀਕ ਹੈ" ਹਉਕਾ ਭਰ ਕੇ ਉਹ ਟੂਟੀ ਤੋਂ ਪਾਣੀ ਲੈਣ ਚਲੀ ਗਈ।

ਕਾਂਤੀ ਦੇ ਸਮਾਨ ਪੈਕ ਕਰਦੇ-ਕਰਦੇ ਬਾਰਾਂ ਵੱਜ ਗਏ। ਨੀਰਾ ਅਤੇ ਪਿੰਟੂ ਕਾਲਜ ਤੋਂ ਦਸ ਵਜੇ ਵਾਪਸ ਆ ਗਏ ਸਨ। ਗੱਡੀ ਦੋ ਵਜੇ ਆਵੇਗੀ। ਇੱਕ ਵਜੇ ਘਰੋਂ ਨਿਕਲਣਾ ਪਵੇਗਾ। ਹੁਣ ਇੱਕ ਘੰਟੇ ਲਈ ਸੌਣਾ ਬੇਕਾਰ ਸੀ। ਮੈਂ ਪਾਸਾ ਲੈ ਕੇ ਐਵੇਂ ਹੀ ਲੇਟ ਗਿਆ। ਖਿੜਕੀ ਤੋਂ ਬਾਹਰ ਹਨੇਰੀ ਰਾਤ ਦੀ ਖਾਮੋਸ਼ੀ ਫੈਲੀ ਹੋਈ ਸੀ। ਬਿਜਲੀ ਦੇ ਖੰਭਿਆਂ

'ਤੇ ਲੱਗੇ ਬਲਬ ਸੰਘਣੀ ਧੁੰਦ ਵਿੱਚ ਧੁੰਦਲੇ ਤਾਰਿਆਂ ਵਾਂਗ ਟਿਮਟਿਮਾ ਰਹੇ ਸਨ। ਦੂਰ ਇੱਕ ਬਲਬ ਬੁਝ-ਬੁਝ ਕੇ ਜਗ ਪੈਂਦਾ। ਰੌਸ਼ਨੀ ਦੀ ਅੱਖ-ਮਿਚੋਲੀ ਵੇਖਦਾ-ਵੇਖਦਾ ਮੈਂ ਧੁੰਦ ਤੋਂ ਪਾਰ ਵੇਖਣ ਲੱਗਦਾ ਹਾਂ।

ਕੱਚੀਆਂ ਕੰਧਾਂ ਨਾਲ ਬਣਿਆ ਇੱਕ ਘਰ ਵਿਖਾਈ ਦਿੰਦਾ ਹੈ। ਘਰ ਦੇ ਪੂਰਬ ਵੱਲ ਇੱਕ ਕੋਠੜੀ ਹੈ ਅਤੇ ਪੱਛਮ ਵੱਲ ਇੱਕ ਬੈਠਕ ਹੈ। ਵਿਚਕਾਰ ਇੱਕ ਵੱਡਾ ਵਿਹੜਾ ਹੈ। ਦੋਹਾਂ ਕਮਰਿਆਂ ਦੇ ਵਿਚਕਾਰ ਇੱਕ ਛੋਟੀ ਜਿਹੀ ਥਾਂ ਤੇ ਛੱਪਰ ਪਾਇਆ ਹੋਇਆ ਹੈ। ਬਾਕੀ ਖਾਲੀ ਥਾਂ ਘਰ ਦੀ ਰਹਿੰਦ-ਖੂੰਹਦ ਨਾਲ ਭਰੀ ਹੋਈ ਹੈ। ਛੱਪਰ ਦੇ ਹੇਠਾਂ ਚੁੱਲ੍ਹੇ 'ਤੇ ਰੱਖੀ ਇੱਕ ਪਤੀਲੀ ਵਿੱਚ ਦਲੀਆ ਬਣ ਰਿਹਾ ਹੈ। ਮਿੱਠੀ ਖੁਸ਼ਬੂ ਨੱਕ ਤੱਕ ਪਹੁੰਚਦੀ ਹੈ ਅਤੇ ਸਿੱਧੀ ਪੇਟ ਵਿੱਚ ਜਾਂਦੀ ਹੈ। ਅੰਤੜੀਆਂ ਮਰੋੜ ਕੇ ਪੇਟ ਵਿੱਚ ਕੁੰਡਲੀ ਮਾਰੀ ਬੈਠੀ ਭੁੱਖ ਨੂੰ ਭੁੱਲ ਕੇ ਬਾਰਾਂ ਅੱਖਾਂ ਪਤੀਲੀ 'ਤੇ ਟਿਕੀਆਂ ਹੋਈਆਂ ਹਨ।

ਦਲੀਆ ਸਿਰਫ਼ ਵਿਸ਼ੂ ਲਈ ਬਣ ਰਿਹਾ ਹੈ। ਉਹਨੂੰ ਤਿੰਨ-ਚਾਰ ਦਿਨਾਂ ਤੋਂ ਬੁਖਾਰ ਹੈ। ਵੈਦ ਜੀ ਨੇ ਉਹਨੂੰ ਰੋਟੀ ਦੇਣ ਤੋਂ ਮਨ੍ਹਾ ਕੀਤਾ ਹੈ। ਦਲੀਆ ਬਣਨ ਤੋਂ ਬਾਅਦ ਹੀ ਰੋਟੀਆਂ ਪਕਾਈਆਂ ਜਾ ਸਕਦੀਆਂ ਹਨ। ਓਧਰ ਕੰਧ ਨਾਲ ਲੱਗਿਆ ਵਿਸ਼ੂ ਬੈਠਾ-ਬੈਠਾ ਝਪਕੀਆਂ ਲੈ ਰਿਹਾ ਹੈ।

"ਵਿਸ਼ੂ, ਸੌਂਈਂ ਨਾ ਬੇਟਾ। ਦਲੀਆ ਖਾ ਕੇ ਸੌਂ ਜਾਈਂ।" ਜੀਆ (ਮਾਂ) ਵਿਸ਼ੂ ਨੂੰ ਆਪਣੀ ਗੋਦੀ ਵਿੱਚ ਬਿਠਾ ਲੈਂਦੀ ਹੈ।

ਬਾਬੂ ਜੀ ਦੇਰ ਰਾਤ ਨੂੰ ਆਉਂਦੇ ਹਨ ਅਤੇ ਜੀਆ ਉਨ੍ਹਾਂ ਦੇ ਪਿੱਛੇ-ਪਿੱਛੇ ਬੈਠਕ ਵਿੱਚ ਚਲੀ ਜਾਂਦੀ ਹੈ। "ਬੱਚੇ ਸਵੇਰ ਤੋਂ ਭੁੱਖੇ ਬੈਠੇ ਹਨ," ਉਹ ਕਹਿੰਦੀ ਹੈ। ਬਾਬੂ ਜੀ ਕੁੜਤੇ ਦੀ ਜੇਬ ਵਿੱਚੋਂ ਇੱਕ ਰੁਪਏ ਦਾ ਸਿੱਕਾ ਕੱਢ ਕੇ ਸੁੱਟਦੇ ਹਨ।

"ਇਸ ਨਾਲ ਕੀ ਹੋਵੇਗਾ? ਆਟਾ ਵੀ ਮੰਗਵਾਉਣਾ ਹੈ," ਜੀਆ ਰੁਪਿਆ ਚੁੱਕਦੀ ਹੋਈ ਕਹਿੰਦੀ ਹੈ। ਬਾਬੂ ਜੀ ਚਿੜ ਜਾਂਦੇ ਹਨ, "ਤੂੰ ਜੋ ਮਰਜ਼ੀ ਕਰ ਬਈ, ਮੇਰੇ ਕੋਲ ਹੋਰ ਫੁੱਟੀ ਕੌਡੀ ਵੀ ਨਹੀਂ ਹੈ।"

ਉਹ ਮੁੱਠੀ ਵਿੱਚ ਰੁਪਿਆ ਫੜੀ ਬਾਹਰ ਆਉਂਦੀ ਹੈ। ਉਹ ਚਿਰੰਜੀ ਦੀ ਦੁਕਾਨ ਤੋਂ ਕੁਝ ਸਮਾਨ ਲਿਆਉਣ ਦੀ ਹਦਾਇਤ ਦਿੰਦੀ ਮੈਨੂੰ ਝੋਲਾ ਫੜਾਉਂਦੀ ਹੈ। ਮੈਂ ਘਰੋਂ ਨਿਕਲਣ ਹੀ ਵਾਲਾ ਸਾਂ ਕਿ ਬਾਬੂ ਜੀ ਆਵਾਜ਼ ਮਾਰਦੇ ਹਨ, "ਹਰੀ, ਬਾਜ਼ਾਰ ਜਾ ਰਿਹਾ ਹੈਂ? ਜ਼ਰਾ ਬੀੜੀ ਦਾ ਬੰਡਲ ਲਈ ਆਵੀਂ।" ਉਹ ਕੁੜਤੇ ਦੀ ਜੇਬ ਵਿੱਚੋਂ ਦੋ ਰੁਪਏ ਦਾ ਨੋਟ ਕੱਢਦੇ ਹਨ।

ਨਾਲ ਹੀ ਮੇਰੇ ਹੱਥ ਵਿੱਚ ਇੱਕ ਝੋਲਾ ਫੜਾਉਂਦੇ ਹਨ। "ਇੱਕ ਟੈਲੀਫ਼ੋਨ ਬੀੜੀ ਦਾ ਬੰਡਲ ਅਤੇ ਗੁਲਾਬ ਦੀ ਇੱਕ ਬੋਤਲ ਲੈ ਆਵੀਂ। ਉਹਨੂੰ ਕਹੀਂ ਕਿ ਵਕੀਲ ਸਾਹਿਬ ਨੇ ਮੰਗਵਾਈ ਹੈ।"ਮੈਂ ਝੋਲਾ ਹਿਲਾਉਂਦਾ ਹੋਇਆ ਚੱਲ ਪੈਂਦਾ ਹਾਂ। ਪਿੱਛੇ ਤੋਂ ਉਹ ਕਹਿੰਦੇ ਹਨ - "ਅਤੇ ਸੁਣ, ਤਾਇਆ ਜੀ ਨੂੰ ਕਹੀਂ ਕਿ ਬਾਬੂ ਜੀ ਬੁਲਾ ਰਹੇ ਹਨ।"

ਤਾਇਆ ਜੀ ਦੇ ਘਰ ਦੀਆਂ ਕੰਧਾਂ ਸਾਡੇ ਘਰ ਦੇ ਨਾਲ ਹੀ ਲੱਗਦੀਆਂ ਹਨ, ਪਰ ਦਰਵਾਜ਼ਾ ਦੂਜੀ ਗਲੀ ਵਿੱਚ ਖੁੱਲ੍ਹਦਾ ਹੈ। ਇਸ ਲਈ ਚੱਕਰ ਲਾ ਕੇ ਜਾਣਾ ਪੈਂਦਾ ਹੈ। ਪਹਿਲਾਂ ਅਸੀਂ ਤਾਈ ਨੂੰ ਮਿਲਣ ਲਈ ਆਪਣੀ ਬੈਠਕ ਦੀ ਛੱਤ ਤੋਂ ਹੇਠਾਂ ਉਤਰ ਕੇ ਜਾ ਆਉਂਦੇ ਸਾਂ। ਪਰ ਜਦੋਂ ਤੋਂ ਤਾਈ ਨਾਲ ਸਾਡਾ ਝਗੜਾ ਹੋਇਆ, ਨਾ ਸਿਰਫ਼ ਉਹ ਰਸਤਾ ਬੰਦ ਹੋ ਗਿਆ, ਸਗੋਂ ਸਾਡੀ ਬੋਲਚਾਲ ਵੀ ਬੰਦ ਹੋ ਗਈ। ਉਸ ਘਰ ਵਿੱਚ ਸਿਰਫ਼ ਤਾਇਆ ਜੀ ਹੀ ਸਨ, ਜਿਨ੍ਹਾਂ ਦਾ ਸਾਡੇ ਕੋਲ ਆਉਣਾ-ਜਾਣਾ ਅਜੇ ਤੱਕ ਜਾਰੀ ਸੀ।

ਤਾਈ ਬਹੁਤ ਹੀ ਮੂੰਹਫਟ ਅਤੇ ਸੁਭਾਅ ਦੀ ਤੇਜ਼ ਸੀ। ਦੂਜਿਆਂ ਨੂੰ ਰਗੜਣ ਵਿੱਚ ਉਨ੍ਹਾਂ ਨੂੰ ਬੜਾ ਸੁਆਦ ਆਉਂਦਾ ਸੀ। ਜੀਆ ਦੇ ਹਰ ਕੰਮ ਵਿੱਚ ਨੁਕਸ ਕੱਢਣਾ ਉਨ੍ਹਾਂ ਦੀ ਆਦਤ ਬਣ ਗਈ ਸੀ, ਜਦੋਂ ਕਿ ਜੀਆ ਦਾ ਸੁਭਾਅ ਵੱਖਰਾ ਸੀ। ਉਹ ਅਕਸਰ ਚੁੱਪ ਰਹਿੰਦੀ ਸੀ, ਜਿਸ ਕਰਕੇ ਉਹਦੀ ਤਾਈ ਨਾਲ ਚੰਗੀ ਬਣਦੀ ਸੀ। ਪਰ ਇੱਕ ਦਿਨ ਤਾਈ ਦੀ ਜੀਆ ਨਾਲ ਖੜਕ ਗਈ। ਹੋਇਆ ਇਹ ਕਿ ਮੈਂ ਉਸ ਸਾਲ ਨੌਵੀਂ ਜਮਾਤ ਵਿੱਚੋਂ ਫੇਲ੍ਹ ਹੋ ਗਿਆ ਸਾਂ। ਜਦੋਂ ਤਾਈ ਨੂੰ ਪਤਾ ਲੱਗਾ ਤਾਂ ਉਹ ਭੱਜੀ-ਭੱਜੀ ਆਈ।

"ਦੀਦੀ, ਹਰੀ ਫੇਲ੍ਹ ਹੋ ਗਿਆ," ਜੀਆ ਨੇ ਬਹੁਤ ਹੀ ਦੱਬੀ ਆਵਾਜ਼ ਵਿੱਚ ਤਾਈ ਨੂੰ ਕਿਹਾ।

"ਹੋਰ ਕੀ ਹੋਵੇਗਾ? ਚੂਹੇ ਦੇ ਜੰਮੇ ਤਾਂ ਟੋਏ ਹੀ ਪੁੱਟਣਗੇ,"ਤਾਈ ਨੇ ਪੈਂਦੀ ਸੱਟੇ ਹੀ ਕਿਹਾ। ਜੀਆ ਅਵਾਕ ਉਨ੍ਹਾਂ ਦੇ ਮੂੰਹ ਵੇਖਣ ਲੱਗੀ। ਉਹਨੂੰ ਇਸ ਮੌਕੇ 'ਤੇ ਤਾਈ ਤੋਂ ਅਜਿਹੇ ਵਿਵਹਾਰ ਦੀ ਸ਼ਾਇਦ ਉਮੀਦ ਨਹੀਂ ਸੀ। ਫਿਰ ਵੀ ਗੱਲ ਸੰਭਾਲਣ ਦੇ ਉਦੇਸ਼ ਨਾਲ ਉਸਨੇ ਕਿਹਾ, "ਪੜ੍ਹਾਈ ਤਾਂ ਇਹਨੇ ਚੰਗੀ ਕੀਤੀ ਸੀ।"

"ਸ਼ਰਾਬੀ ਦੀ ਔਲਾਦ ਕੀ ਸੁਆਹ ਪੜ੍ਹੇਗੀ? ਪਿਓ ਨੂੰ ਪੀਣ ਤੋਂ ਵਿਹਲ ਨਾ ਮਿਲੇ ਤਾਂ ਬੇਟੇ ਇਸ ਤਰ੍ਹਾਂ ਹੀ ਨਿਹਾਲ ਕਰਨਗੇ।" ਤਾਈ ਪੱਕੇ ਤੌਰ ਤੇ ਜੀਆ ਪ੍ਰਤੀ ਹਮਦਰਦੀ ਵਿੱਚ ਬੋਲ ਰਹੀ ਸੀ, ਪਰ ਉਹਦੇ ਇਨ੍ਹਾਂ ਸ਼ਬਦਾਂ ਦਾ ਜੀਆ 'ਤੇ ਉਲਟਾ ਪ੍ਰਭਾਵ ਪਿਆ।

"ਪਿਓ ਸ਼ਰਾਬੀ ਹੋਵੇ ਜਾਂ ਜੁਆਰੀ ਕਿਸੇ ਮੂਹਰੇ ਹੱਥ ਤਾਂ ਨਹੀਂ ਅੱਡਦਾ। ਮੈਂ ਵੇਖਾਂਗੀ ਕਿ ਭਵਿੱਖ ਵਿੱਚ ਕੀਹਦੇ ਬੱਚੇ ਵਕੀਲ ਬਣਨਗੇ।" ਜੀਆ ਦਾ ਸ਼ਾਂਤ ਗੁੱਸਾ ਭੜਕ ਉੱਠਿਆ। ਤਾਈ ਨੂੰ ਵਿਹੜੇ ਵਿੱਚ ਖੜ੍ਹਾ ਛੱਡ ਕੇ ਉਹ ਉੱਪਰ ਚਲੀ ਗਈ। ਇਸ ਘਟਨਾ ਤੋਂ ਬਾਅਦ ਨਾ ਤਾਂ ਤਾਈ ਸਾਡੇ ਘਰ ਆਈ ਅਤੇ ਨਾ ਜੀਆ ਉਨ੍ਹਾਂ ਦੇ ਗਈ।

ਮੈਂ ਬਾਜ਼ਾਰ ਤੋਂ ਵਾਪਸ ਆਉਂਦਾ ਹਾਂ ਅਤੇ ਘਰੇਲੂ ਸਮਾਨ ਵਾਲਾ ਝੋਲਾ ਲੈ ਕੇ ਬੈਠਕ ਵਿੱਚ ਚਲਾ ਜਾਂਦਾ ਹਾਂ। ਜੀਆ ਚੰਗੀ ਤਰ੍ਹਾਂ ਜਾਣਦੀ ਹੈ, ਇਸ ਲਈ ਉਹ ਕੁਝ ਨਹੀਂ ਪੁੱਛਦੀ।

ਬੈਠਕ ਵਿੱਚ ਬਾਬੂ ਜੀ ਅਤੇ ਤਾਇਆ ਜੀ ਤੋਂ ਇਲਾਵਾ ਇੱਕ ਹੋਰ ਆਦਮੀ ਵੀ ਬੈਠਾ ਹੈ। ਸ਼ਾਮ ਨੂੰ ਅਕਸਰ ਬਾਬੂ ਜੀ ਦਾ ਕੋਈ ਨਾ ਕੋਈ ਦੋਸਤ ਆ ਹੀ ਜਾਂਦਾ ਹੈ। ਬਾਬੂ ਜੀ ਤਾਇਆ ਜੀ ਨੂੰ ਤਾਂ ਕਈ ਵਾਰ ਭੁੱਲੇ-ਵਿਛੜੇ ਯਾਦ ਕਰ ਲੈਂਦੇ ਹਨ। ਬਾਬੂ ਜੀ ਨੂੰ ਝੋਲਾ ਫੜਾ ਕੇ ਮੈਂ ਜਾਣ ਹੀ ਲੱਗਦਾ ਹਾਂ ਕਿ ਉਹ ਕਹਿੰਦੇ ਹਨ, "ਹਰੀਸ਼, ਏਧਰ ਆ। ਤੂੰ ਚਾਚਾ ਜੀ ਨੂੰ ਨਮਸਤੇ ਨਹੀਂ ਕੀਤੀ।" ਮੈਂ ਚੁੱਪਚਾਪ ਉੱਥੇ ਖੜ੍ਹਾ ਪੈਰਾਂ ਦੇ ਨਹੁੰਆਂ ਨਾਲ ਜ਼ਮੀਨ ਖੁਰਚਦਾ ਹਾਂ।

"ਨਮਸਤੇ ਕਰ," ਉਹ ਮੈਨੂੰ ਕੰਨੋਂ ਫੜ ਕੇ ਆਪਣੇ ਵੱਲ ਖਿੱਚਦੇ ਹਨ। ਮੈਂ ਫਿਰ ਵੀ ਨਹੀਂ ਬੋਲਦਾ।

"ਸੁਣਿਆ ਨਹੀਂ ਤੂੰ, ਮੈਂ ਕੀ ਕਹਿ ਰਿਹਾ ਹਾਂ!"

ਮੈਂ ਨਜ਼ਰ ਚੁੱਕ ਕੇ ਉੱਪਰ ਨਹੀਂ ਵੇਖਦਾ। ਚਾਹੁੰਦਾ ਵੀ ਨਹੀਂ। ਸਾਲੇ ਰੋਜ਼ ਮੁਫ਼ਤ ਦੀ ਪੀਣ ਆ ਜਾਂਦੇ ਹਨ, ਜਿਵੇਂ ਇਨ੍ਹਾਂ ਦੇ ਪਿਓ ਦਾ ਮਾਲ ਹੈ। ਅਤੇ ਫਿਰ ਮੈਂ ਉਨ੍ਹਾਂ ਨੂੰ ਚਾਚਾ ਜੀ ਕਹਿ ਕੇ ਨਮਸਤੇ ਵੀ ਕਰਾਂ!

ਅਚਾਨਕ ਬਾਬੂ ਜੀ ਨੇ ਮੇਰੀ ਗੱਲ੍ਹ 'ਤੇ ਥੱਪੜ ਜੜਿਆ - "ਕੀ ਤੈਨੂੰ ਸੁਣਦਾ ਨਹੀਂ, ਮੈਂ ਇੰਨੀ ਦੇਰ ਤੋਂ ਕੀ ਭੌਂਕ ਰਿਹਾ ਹਾਂ!"

"ਨਹੀਂ ਕਰਦਾ! ਨਹੀਂ ਕਰਦਾ!! ਨਹੀਂ ਕਰਦਾ!!!" ਮੈਂ ਗੁੱਸੇ ਵਿੱਚ ਚੀਕਿਆ।

"ਕੀ!" ਉਨ੍ਹਾਂ ਦੇ ਮੂੰਹੋਂ ਸਿਰਫ ਏਨਾ ਹੀ ਨਿਕਲਿਆ। ਉਹ ਹੈਰਾਨ ਜਿਹੇ ਹੋ ਜਾਂਦੇ ਹਨ। ਉਨ੍ਹਾਂ ਨੂੰ ਹੀ ਕਿਉਂ, ਸਗੋਂ ਮੈਨੂੰ ਵੀ ਵਿਸ਼ਵਾਸ ਨਹੀਂ ਸੀ ਕਿ ਮੈਂ ਅਜਿਹਾ ਕਰਨ ਦੀ ਹਿੰਮਤ ਕਰਾਂਗਾ। ਉਦੋਂ ਹੀ ਉਹ ਆਦਮੀ ਮੈਨੂੰ ਆਪਣੇ ਵੱਲ ਖਿੱਚ ਕੇ ਬਾਬੂ ਜੀ ਨੂੰ ਕਹਿੰਦਾ ਹੈ - "ਕਿਉਂ ਗੁੱਸੇ ਹੋ ਰਿਹੈਂ ਯਾਰ, ਨਹੀਂ ਕਰਦਾ ਨਮਸਤੇ, ਨਾ ਸਹੀ। ਬੱਚਾ ਹੀ ਤਾਂ ਹੈ।"

ਪਿਤਾ ਜੀ ਮੰਜੇ 'ਤੇ ਬੈਠ ਕੇ ਬੀੜੀ ਸੁਲਗਾਉਣ ਲੱਗਦੇ ਹਨ। ਮੇਰੇ ਸਿਰ ਤੇ ਹੱਥ ਫੇਰ ਕੇ ਉਹ ਕਹਿੰਦਾ ਹੈ - "ਤੂੰ ਬੜਾ ਸਿਆਣਾ ਬੱਚਾ ਲੱਗਦਾ ਹੈਂ। ਭਲਾ ਪਿਤਾ ਜੀ ਨੂੰ ਇਸ ਤਰ੍ਹਾਂ ਜਵਾਬ ਦਿੱਤਾ ਜਾਂਦਾ ਹੈ? ਚੰਗੇ ਬੱਚੇ ਆਪਣੇ ਵੱਡਿਆਂ ਦੀ ਗੱਲ ਮੰਨਦੇ ਹਨ। ਅੱਛਾ, ਬਾਹਰ ਜਾ ਕੇ ਖੇਡ, ਅੱਗੇ ਤੋਂ ਅਜਿਹਾ ਨਾ ਕਰੀਂ, ਠੀਕ ਹੈ!"

ਹੂੰਅ! ਅੱਗੇ ਤੋਂ ਅਜਿਹਾ ਨਾ ਕਰੀਂ। ਮੈਨੂੰ ਦੱਸੇਂਗਾ ਕਿ ਅੱਗੇ ਤੋਂ ਅਜਿਹਾ ਨਾ ਕਰੀਂ। ਬਾਹਰ ਆਉਂਦੇ ਹੀ ਮੈਂ ਤਾਏ ਨੂੰ ਇਹ ਕਹਿੰਦੇ ਸੁਣਿਆ, "ਮਾਧੋ, ਮੈਂ ਤੈਨੂੰ ਕਿੰਨੀ ਵਾਰ ਕਿਹਾ ਹੈ ਕਿ ਬੱਚਿਆਂ ਤੋਂ ਇਹ ਚੀਜ਼ਾਂ ਨਾ ਮੰਗਵਾਇਆ ਕਰ? ਇਹ ਸਹੀ ਨਹੀਂ ਹੈ।"

ਮੈਂ ਚੌਂਕੇ ਵਿੱਚ ਆ ਕੇ ਬੈਠ ਜਾਂਦਾ ਹਾਂ। ਮਾਂ ਆਟਾ ਗੁੰਨ੍ਹ ਰਹੀ ਹੈ। ਚੁੱਲ੍ਹੇ 'ਤੇ ਪਈ ਕੜਾਹੀ 'ਚੋਂ ਤੇਲ ਦਾ ਧੂੰਆਂ ਨਿਕਲ ਰਿਹਾ ਹੈ। ਇਸ ਲਈ ਜਾਨਕੀ ਅਤੇ ਰਮੇਸ਼ ਛੇਤੀ-ਛੇਤੀ ਆਲੂ ਛਿੱਲਣ ਲੱਗ ਪੈਂਦੇ ਹਨ।

"ਜੀਆ, ਮੈਂ ਆ ਜਾਵਾਂ?" ਛੱਤ ਤੇ ਰਾਜੂ ਕੋਲ ਬੈਠੀ ਨਿਰਮਲਾ ਪੁੱਛਦੀ ਹੈ।

"ਥੋੜੀ ਦੇਰ ਠਹਿਰ ਬੇਟਾ। ਖਾਣਾ ਤਿਆਰ ਹੁੰਦੇ ਹੀ ਮੈਂ ਤੈਨੂੰ ਬੁਲਾ ਲਵਾਂਗੀ।" ਆਲੂ ਧੋਂਦੇ ਹੋਏ ਜੀਆ ਨੇ ਕਿਹਾ, "ਆਪਣੇ ਭਰਾ ਨੂੰ ਕੰਬਲ ਨਾਲ ਢੱਕ ਕੇ ਰੱਖ।"

"ਜੀਆ, ਮੈਨੂੰ ਇਕੱਲੀ ਨੂੰ ਡਰ ਲੱਗਦਾ ਹੈ," ਨਿਰਮਲਾ ਡਰੀ ਹੋਈ ਆਵਾਜ਼ ਵਿੱਚ ਕਹਿੰਦੀ ਹੈ।

"ਡਰ ਕਾਹਦਾ? ਮੈਂ ਏਥੇ ਬੈਠੀ ਤਾਂ ਹਾਂ।" ਉਸਨੂੰ ਸਮਝਾਉਂਦੇ ਹੋਏ ਉਹ ਬੋਲੀ, "ਹਰੀਸ਼, ਜਾ ਕੇ ਕੁਝ ਦੇਰ ਆਪਣੇ ਭਰਾ ਕੋਲ ਬੈਠ। ਨਿੰਮਾ ਹਨੇਰੇ ਵਿੱਚ ਇਕੱਲੀ ਬੈਠੀ ਡਰਦੀ ਹੈ।" ਚੁੱਲ੍ਹੇ ਕੋਲੋਂ ਉੱਠ ਕੇ ਮੇਰਾ ਜਾਣ ਨੂੰ ਦਿਲ ਨਹੀਂ ਕਰਦਾ। ਮੈਨੂੰ ਨਿੰਮਾ 'ਤੇ ਗੁੱਸਾ ਆਉਂਦਾ ਹੈ। ਮਨ ਮਾਰ ਕੇ ਰਾਜੂ ਕੋਲ ਜਾ ਲੇਟਦਾ ਹਾਂ।

“ਸੁਣੋ, ਇੱਕ ਵੱਜਣ ਵਾਲਾ ਹੈ”, ਕਾਂਤੀ ਨੇ ਰਜ਼ਾਈ ਦਾ ਕੋਨਾ ਖਿੱਚਦੇ ਹੋਏ ਕਿਹਾ ਤਾਂ ਘਰ ਅਤੇ ਵਿਹੜਾ, ਜੋ ਮੇਰੀ ਯਾਦ ਵਿੱਚ ਜ਼ਿੰਦਾ ਹੋ ਗਿਆ ਸੀ, ਇੱਕ ਪਲ ਵਿੱਚ ਰੇਤਲੀ ਕੰਧ ਵਾਂਗ ਢਹਿ ਗਿਆ।

ਸਾਨੂੰ ਘਰੋਂ ਨਿਕਲਣ ਵਿੱਚ ਸਿਰਫ਼ ਦਸ ਮਿੰਟ ਲੱਗੇ ਹੋਣਗੇ, ਅਤੇ ਖੁਸ਼ਕਿਸਮਤੀ ਨਾਲ, ਜਿਉਂ ਹੀ ਅਸੀਂ ਗਲੀ ਪਾਰ ਕੀਤੀ, ਸਾਨੂੰ ਇੱਕ ਰਿਕਸ਼ਾ ਮਿਲ ਗਿਆ। ਮੈਂ ਅਤੇ ਕਾਂਤੀ ਨੇ ਸੂਟਕੇਸ ਅਤੇ ਬਿਸਤਰਾ ਚੁੱਕਿਆ ਅਤੇ ਰਿਕਸ਼ੇ ਵਿੱਚ 'ਕੱਠੇ ਜਿਹੇ ਹੋ ਕੇ ਬੈਠ ਗਏ। ਠੰਡੀ ਹਵਾ ਤੋਂ ਬਚਣ ਲਈ ਮੈਂ ਆਪਣੇ ਓਵਰਕੋਟ ਦਾ ਕਾਲਰ ਉੱਪਰ ਕਰ ਲਿਆ।

ਪਲੇਟਫਾਰਮ 'ਤੇ ਭੀੜ ਨਹੀਂ ਸੀ; ਲੋਕ ਵੇਟਿੰਗ ਰੂਮ ਵਿੱਚ ਕੰਬਲ ਵਲੇਟੀ ਪਏ ਸਨ ਜਾਂ ਏਧਰ-ਓਧਰ ਚਾਹ ਦੀਆਂ ਸਟਾਲਾਂ ਦੁਆਲੇ ਇਕੱਠੇ ਹੋਏ ਖੜ੍ਹੇ ਸਨ। ਗੱਡੀ ਲਗਭਗ ਅੱਧੇ ਘੰਟੇ ਨੂੰ ਆਉਣੀ ਸੀ। ਵੇਟਿੰਗ ਰੂਮ ਵਿੱਚ ਜਾਣ ਦਾ ਕੋਈ ਮਤਲਬ ਨਹੀਂ ਸੀ, ਇਸ ਲਈ ਇੱਕ ਖਾਲੀ ਬੈਂਚ 'ਤੇ ਸੂਟਕੇਸ ਸਿਰਹਾਣੇ ਰੱਖ ਕੇ ਮੈਂ ਲੇਟ ਗਿਆ।

ਕੈਬਿਨ ਤੋਂ ਪਰ੍ਹੇ, ਰੰਗ-ਬਿਰੰਗੀਆਂ ਲਾਈਟਾਂ ਚਮਕ ਰਹੀਆਂ ਸਨ। ਲਾਲ-ਹਰੀਆਂ-ਪੀਲੀਆਂ ਬੱਤੀਆਂ ਦੀਆਂ ਸੁਨਹਿਰੀ ਕਿਰਨਾਂ ਦਾ ਜਾਲ ਫੈਲਿਆ ਹੋਇਆ ਸੀ। ਏਧਰ ਪਟੜੀਆਂ ਦੇ ਵਿਛੇ ਜਾਲ ਵਿੱਚ ਫਸਿਆ ਇੱਕ ਇੰਜਣ ਸ਼ੰਟਿੰਗ ਕਰ ਰਿਹਾ ਸੀ।

ਸ਼ੂੰ-ਸ਼ੂੰ ਦੀ ਦੱਬੀ ਜਿਹੀ ਆਵਾਜ਼ ਵਿੱਚ ਛਟਪਟਾਉਂਦੇ ਇੰਜਣ ਨਾਲ ਤਾਲ ਮਿਲਾਉਂਦਾ ਮੈਂ ਕਿਤੋਂ ਦਾ ਕਿਤੇ ਪਹੁੰਚਣ ਲੱਗਾ। ਮੈਂ ਵੇਖਿਆ ਕਿ ਬਾਬੂ ਜੀ ਸਾਹਮਣੇ ਤੋਂ ਆ ਰਹੇ ਹਨ। ਜਦੋਂ ਉਹ ਆਪਣੇ ਲੜਖੜਾਉਂਦੇ ਕਦਮਾਂ ਨੂੰ ਸਥਿਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਉਨ੍ਹਾਂ ਦੀ ਚਾਲ ਬਿਲਕੁਲ ਬੇਢੰਗੀ ਹੋ ਜਾਂਦੀ ਹੈ। ਸਰੀਰ ਦਾ ਸੰਤੁਲਨ ਵਿਗੜ ਜਾਣ ਨਾਲ ਉਹ ਰਾਹ ਦੇ ਵਿਚਾਲੇ ਬੈਠ ਗਏ ਹਨ। ਉਨ੍ਹਾਂ ਦਾ ਸਾਹ ਫੁੱਲ ਗਿਆ ਅਤੇ ਉਹ ਖੜ੍ਹੇ ਹੋਣ ਦੀ ਕੋਸ਼ਿਸ਼ ਵਿੱਚ ਏਧਰ-ਓਧਰ ਡਿੱਗ ਰਹੇ ਹਨ। ਉਸੇ ਵੇਲੇ ਤਾਇਆ ਜੀ ਆਪਣੇ ਘਰੋਂ ਬਾਹਰ ਆਏ ਤਾਂ ਮੈਂ ਸੁੱਖ ਦਾ ਸਾਹ ਲਿਆ।

"ਮਾਧੋ, ਕੁਝ ਤਾਂ ਸ਼ਰਮ ਕਰ, ਸਾਰਾ ਮਹੱਲਾ ਹੱਸ ਰਿਹਾ ਹੈ" ਤਾਇਆ ਜੀ ਨੇ ਬਾਬੂ ਜੀ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ।

"ਸ਼ਰਮ ਕਾਹਦੀ? ਕਿਉਂ ਕਰਾਂ ਸ਼ਰਮ? ਕਿਸੇ ਦੀ ਚੋਰੀ ਕੀਤੀ ਹੈ ਮੈਂ? ਵੱਡੇ-ਵੱਡੇ ਰਾਜੇ-ਮਹਾਰਾਜੇ ਪੀਂਦੇ ਹਨ ਸਾਲੇ।"

"ਬਕਵਾਸ ਬੰਦ ਕਰ। ਪਚਦੀ ਹੈ ਨਹੀਂ, ਪਰ ਪੀਏਗਾ ਜ਼ਰੂਰ।"

"ਕਿਹੜਾ ਉੱਲੂ ਦਾ ਪੱਠਾ ਕਹਿੰਦਾ ਹੈ - ਪਚਦੀ ਨਹੀਂ। ਪੀਂਦਿਆਂ ਚੜ੍ਹ ਜਾਂਦੀ ਹੈ ਸਾਲੀ। ਤੂੰ ਸਾਲਾ..."

"ਹਰੀਸ਼," ਤਾਇਆ ਜੀ ਨੇ ਮੈਨੂੰ ਆਵਾਜ਼ ਮਾਰੀ। "ਇਹ ਏਥੇ ਏਵੇਂ ਹੀ ਜਲੂਸ ਕਢਵਾਏਗਾ।"

"ਮੈਂ ਇਸ ਤਰ੍ਹਾਂ ਨਹੀਂ ਉੱਠਾਂਗਾ।" ਉਹ ਬੱਚਿਆਂ ਵਾਂਗ ਜ਼ਿਦ ਕਰਨ ਲੱਗੇ।

ਤਾਇਆ ਜੀ ਬਾਬੂ ਜੀ ਨੂੰ ਉਠਾਉਣ ਦੀ ਕੋਸ਼ਿਸ਼ ਕਰਦੇ ਹਨ। ਅਚਾਨਕ ਖੜ੍ਹੇ ਹੋ ਕੇ ਬਾਬੂ ਜੀ ਨੇ ਤਾਇਆ ਜੀ ਨੂੰ ਇੱਕ ਪਾਸੇ ਧੱਕਾ ਮਾਰਿਆ ਹੈ ਅਤੇ ਲੜਖੜਾਉਂਦੇ ਕਦਮਾਂ ਨਾਲ ਘਰ ਵੱਲ ਚੱਲ ਪਏ ਹਨ।

ਮੈਂ ਪੁੱਠੇ ਪੈਰੀਂ ਵਾਪਸ ਮੁੜਦਾ ਹਾਂ। ਸਮਝ ਨਹੀਂ ਆਉਂਦੀ ਕਿ ਬਾਬੂ ਜੀ ਅਜਿਹਾ ਕਿਉਂ ਕਰਦੇ ਹਨ। ਅਕਸਰ ਸ਼ਰੇਆਮ ਉਨ੍ਹਾਂ ਦਾ ਇਉਂ ਸ਼ਰਾਬੀ ਹਾਲਤ ਵਿੱਚ ਘਰ ਵਾਪਸ ਆਉਣਾ ਗਲੀ-ਮਹੱਲੇ ਲਈ ਇੱਕ ਤਮਾਸ਼ਾ ਬਣ ਜਾਂਦਾ ਹੈ। ਲੋਕ ਵੇਖਦੇ ਹਨ ਅਤੇ ਉਨ੍ਹਾਂ ਦੀ ਪਿੱਠ ਪਿੱਛੇ ਗੱਲਾਂ ਕਰਦੇ ਹਨ। ਸਾਹਮਣੇ ਕਿਸੇ ਦੀ ਕੁਝ ਕਹਿਣ ਦੀ ਹਿੰਮਤ ਨਹੀਂ ਹੁੰਦੀ।

ਮੈਂ ਬਾਬੂ ਜੀ ਤੋਂ ਪਹਿਲਾਂ ਘਰ ਪਹੁੰਚ ਜਾਂਦਾ ਹਾਂ। ਉਹ ਕੁਝ ਦੇਰ ਬਾਅਦ ਆਉਂਦੇ ਹਨ। ਆਪਣੇ ਹੱਥ ਵਿੱਚ ਫੜੇ ਝੋਲੇ ਨੂੰ ਜੀਆ ਵੱਲ ਸੁੱਟਦੇ ਹੋਏ ਉਹ ਬੈਠਕ ਵੱਲ ਵਧਦੇ ਹਨ। ਜੀਆ ਨੇ ਬਾਹਰੋਂ ਹੱਥ ਮਾਰ ਕੇ ਝੋਲੇ ਨੂੰ ਹੁੱਕ 'ਤੇ ਟੰਗ ਦਿੱਤਾ ਹੈ। ਉਹ ਠੰਢੀ ਸੁਆਹ ਨੂੰ ਖੁਰਚਦੀ ਹੈ ਅਤੇ ਚੁੱਲ੍ਹੇ ਵਿੱਚ ਪਾਥੀਆਂ ਪਾਉਂਦੀ ਹੈ। ਉਹ ਹੌਲੀ-ਹੌਲੀ ਪਤਾ ਨਹੀਂ ਕੀ ਬੁੜਬੁੜਾ ਰਹੀ ਹੈ। ਮੈਂ ਉਹਦੇ ਕੋਲ ਜਾ ਕੇ ਬੈਠ ਜਾਂਦਾ ਹਾਂ। ਇੱਕ ਕਟੋਰੇ ਵਿੱਚ ਸਾਬਤ ਮਸਾਲੇ ਪਾ ਕੇ ਉਹ ਕੋਨੇ ਵਿੱਚ ਪਏ ਕੂੰਡੇ ਵਿੱਚ ਰਗੜਨ ਲੱਗਦੀ ਹੈ। "ਤੂੰ ਏਥੇ ਕੀ ਕਰ ਰਿਹਾ ਹੈਂ, ਜਾ ਕੇ ਆਪਣਾ ਸਕੂਲ ਦਾ ਕੰਮ ਕਰ", ਕੂੰਡੇ 'ਚੋਂ ਮਸਾਲਾ ਇਕੱਠਾ ਕਰਦੇ ਹੋਏ ਉਹਨੇ ਕਿਹਾ।

ਪਾਥੀਆਂ ਨੂੰ ਜਲਾ ਕੇ ਉਹਨੇ ਚੁੱਲ੍ਹੇ ਤੇ ਕੜਾਹੀ ਰੱਖ ਦਿੱਤੀ ਹੈ ਅਤੇ ਝੋਲੇ ਨੂੰ ਇੱਕ ਪਲੇਟ 'ਤੇ ਉਲਟਾ ਕੇ ਦੀਵੇ ਦੀ ਰੌਸ਼ਨੀ ਵਿੱਚ ਬੋਟੀਆਂ ਨੂੰ ਸਾਫ਼ ਕਰਨ ਲਈ ਬੈਠ ਗਈ ਹੈ। ਉਹ ਹਰੇਕ ਟੁਕੜੇ ਨੂੰ ਉਲਟਾ-ਪੁਲਟਾ ਕੇ ਧਿਆਨ ਨਾਲ ਸਾਫ਼ ਕਰਦੀ ਹੈ। ਮੈਂ ਉੱਠ ਕੇ ਕਮਰੇ ਵਿੱਚ ਆ ਜਾਂਦਾ ਹਾਂ।

ਰਮੇਸ਼, ਵਿਸ਼ੂ, ਰਾਜੂ ਅਤੇ ਨਿੰਮਾ ਮੰਜੇ 'ਤੇ ਗੂੜ੍ਹੀ ਨੀਂਦ ਸੁੱਤੇ ਪਏ ਹਨ। ਮੈਂ ਹੇਠਾਂ ਲਟਕਦੀ ਰਜ਼ਾਈ ਨੂੰ ਠੀਕ ਕਰਕੇ ਉਨ੍ਹਾਂ ਸਾਰਿਆਂ ਨੂੰ ਚੰਗੀ ਤਰ੍ਹਾਂ ਢਕਦਾ ਹਾਂ। ਦੀਵੇ ਦੀ ਟਿਮਟਿਮਾਉਂਦੀ ਪੀਲੀ ਰੌਸ਼ਨੀ ਵਿੱਚ ਉਨ੍ਹਾਂ ਦੇ ਚਿਹਰੇ ਬਹੁਤ ਮਾਸੂਮ ਲੱਗਦੇ ਹਨ। ਮੈਨੂੰ ਇਨ੍ਹਾਂ ਬੱਚਿਆਂ ਤੇ ਰੋਜ਼ਾਨਾ ਹੋਣ ਵਾਲੀ ਕੁੱਟਮਾਰ 'ਤੇ ਇਸ ਵੇਲੇ ਬਹੁਤ ਅਫ਼ਸੋਸ ਹੁੰਦਾ ਹੈ। ਵਿਚਾਰੇ ਕਦੇ ਬਾਬੂ ਜੀ ਤੋਂ ਮਾਰ ਖਾਂਦੇ ਹਨ, ਕਦੇ ਜੀਆ ਤੋਂ, ਉੱਤੋਂ ਮੈਂ ਵੀ ਕਦੇ-ਕਦੇ ਦੋ-ਚਾਰ ਜੜ ਦਿੰਦਾ ਹਾਂ। ਮੈਂ ਮਨੋਂ-ਮਨੀਂ ਸਹੁੰ ਖਾਂਦਾ ਹਾਂ ਕਿ ਮੈਂ ਆਪਣੇ ਛੋਟੇ ਭੈਣ-ਭਰਾਵਾਂ ਨੂੰ ਹੁਣ ਨਹੀਂ ਮਾਰਾਂਗਾ। ਥੋੜ੍ਹੀ ਦੇਰ ਬਾਅਦ ਮੈਨੂੰ ਨੀਂਦ ਆ ਜਾਂਦੀ ਹੈ।

ਮੈਨੂੰ ਨਹੀਂ ਪਤਾ ਕਿ ਜਾਨਕੀ ਰਾਤ ਨੂੰ ਕਦੋਂ ਤੱਕ ਮੰਜੇ 'ਤੇ ਇਕੱਲੀ ਸੁੱਤੀ ਰਹੀ ਹੈ। ਇਸਦਾ ਮਤਲਬ ਸੀ ਕਿ ਜੀਆ ਅਜੇ ਵੀ ਕੰਮ ਵਿੱਚ ਰੁੱਝੀ ਹੋਈ ਸੀ। ਮੈਂ ਪਿਸ਼ਾਬ ਕਰਨ ਲਈ ਬਾਹਰ ਗਿਆ ਤਾਂ ਵੇਖਿਆ ਕਿ ਛੱਪਰ ਵਾਲੀ ਥਾਂ ਵੀ ਸੁੰਨੀ ਪਈ ਸੀ। ਵਿਹੜੇ ਤੋਂ ਪਰ੍ਹਾਂ ਨਾਲੀ ਤੋਂ ਵਾਪਸ ਮੁੜਦੇ ਹੋਏ ਮੈਂ ਬੈਠਕ ਵੱਲ ਨਜ਼ਰ ਮਾਰੀ। ਦਰਵਾਜ਼ਾ ਥੋੜ੍ਹਾ ਜਿਹਾ ਖੁੱਲ੍ਹਾ ਦਿੱਸਿਆ। ਜੀਆ ਬਾਬੂ ਜੀ ਦੇ ਪੁਆਂਦੀ ਬੈਠੀ ਪੈਰ ਦਬਾ ਰਹੀ ਸੀ ਅਤੇ ਬਾਬੂ ਜੀ ਸ਼ਰਾਬੀ ਹਾਲਤ ਵਿੱਚ ਪਤਾ ਨਹੀਂ ਕੀ ਬੁੜਬੁੜਾ ਰਹੇ ਸਨ। ਮੈਂ ਦੱਬੇ-ਪੈਰੀਂ ਅੱਗੇ ਵਧਿਆ ਅਤੇ ਦਰਵਾਜ਼ੇ ਨਾਲ ਕੰਨ ਲਾ ਕੇ ਸੁਣਨ ਲੱਗਿਆ।

"ਹਰੀ ਤਿੰਨ ਦਿਨਾਂ ਤੋਂ ਫੀਸ ਬਾਰੇ ਕਹਿ ਰਿਹਾ ਹੈ। ਪਿਛਲੇ ਮਹੀਨੇ ਵੀ ਉਸਦੀ ਫੀਸ ਨਹੀਂ ਭਰੀ ਗਈ ਸੀ। ਜੇ ਕੱਲ੍ਹ ਤੱਕ ਫੀਸ ਨਾ ਭਰੀ ਗਈ ਤਾਂ ਉਹਦਾ ਸਕੂਲ ਤੋਂ ਨਾਂ ਕੱਟ ਦਿੱਤਾ ਜਾਏਗਾ," ਜੀਆ ਕਹਿ ਰਹੀ ਸੀ।

"ਕੱਟਦਾ ਹੈ ਤਾਂ ਕੱਟ ਜਾਣ ਦੇ। ਉਹਦੀ ਫੀਸ ਲਈ ਕੀ ਮੈਂ ਵਿਕ ਜਾਵਾਂ?"

"ਵਿਕਣ ਦੀ ਕਿਹੜੀ ਗੱਲ ਹੈ? ਫੀਸ ਦਾ ਪ੍ਰਬੰਧ ਤਾਂ ਕੀਤਾ ਹੀ ਜਾ ਸਕਦਾ ਹੈ।"

"ਮੇਰੇ ਕੋਲ ਕਿਹੜਾ ਦੱਬਿਆ ਖਜ਼ਾਨਾ ਪਿਆ ਹੈ? ਹੁਣ ਮੇਰੇ ਕੋਲ ਪੈਸੇ ਨਹੀਂ ਹਨ, ਤਾਂ ਨਹੀਂ ਹਨ, ਬੱਸ।"

"ਪੀਣ ਲਈ ਵੀ ਤਾਂ ਰੁਪਏ ਆਉਂਦੇ ਹੀ ਹਨ ਕਿਧਰੋਂ।" ਜੀਆ ਨੇ ਦੱਬੀ ਆਵਾਜ਼ ਵਿੱਚ ਤਿੱਖੀ ਗੱਲ ਕਹਿ ਦਿੱਤੀ।

"ਆਪਣੇ ਪੈਸਿਆਂ ਦੀ ਪੀਂਦਾ ਹਾਂ, ਕਿਹੜਾ ਤੇਰਾ ਪਿਓ ਦੇ ਕੇ ਜਾਂਦਾ ਹੈ?"

"ਬੱਚਿਆਂ ਦੀ ਜ਼ਿੰਦਗੀ ਦਾ ਕੁਝ ਤਾਂ ਖਿਆਲ ਕਰੋ। ਪਹਿਲਾਂ ਹੀ ਤਿੰਨ ਛੋਟੇ ਬੱਚਿਆਂ ਨੂੰ ਸਕੂਲੋਂ ਹਟਾ ਕੇ ਘਰੇ ਬਿਠਾਇਆ ਹੋਇਆ ਹੈ। ਇੱਕ ਮੁੰਡਾ ਪੜ੍ਹ ਰਿਹਾ ਹੈ, ਤਾਂ ਉਹਦੀ ਫੀਸ ਤੁਹਾਥੋਂ..."

"ਬੱਚਿਆਂ ਦੀ ਤੈਨੂੰ ਜ਼ਿਆਦਾ ਹੀ ਚਿੰਤਾ ਹੈ। ਆਪਣੇ ਪਿਓ ਦੇ ਘਰੋਂ ਲਿਆਈ ਹੈਂ ਨਾ!"

"ਕੀ ਊਟ-ਪਟਾਂਗ ਬੋਲ ਰਹੇ ਹੋ?" ਜੀਆ ਨੇ ਥੋੜ੍ਹਾ ਗੁੱਸੇ ਨਾਲ ਕਿਹਾ।

"ਊਟ-ਪਟਾਂਗ ਬੋਲ ਰਿਹਾ ਹਾਂ? ਉੱਲੂ ਦੀਏ ਪੱਠੀਏ, ਜ਼ਬਾਨ ਲੜਾਉਂਦੀ ਹੈਂ ਮੇਰੇ ਨਾਲ? ਚੱਲ, ਭੱਜ ਜਾ ਏਥੋਂ।"

ਬਾਬੂ ਜੀ ਨੇ ਗੁੱਸੇ ਵਿੱਚ ਉਹਨੂੰ ਲੱਤ ਮਾਰੀ ਜੋ ਉਸਦੇ ਗੋਡੇ 'ਤੇ ਵੱਜੀ। ਉਹ ਸੰਭਲਦੀ-ਸੰਭਲਦੀ ਵੀ ਹੇਠਾਂ ਡਿੱਗ ਪਈ। ਮੇਰੇ ਵਿੱਚ ਹੋਰ ਕੁਝ ਵੇਖਣ ਦੀ ਹਿੰਮਤ ਨਹੀਂ

ਸੀ। ਜੀਅ ਕੀਤਾ ਕਿ ਹੁਣੇ ਅੰਦਰ ਜਾ ਕੇ ਬਾਬੂ ਦਾ ਗਲਾ ਘੁੱਟ ਦਿਆਂ। ਜੀਆ ਕੁਰਲਾਉਂਦੀ ਹੋਈ ਉੱਠ ਖੜ੍ਹੀ ਹੋਈ ਅਤੇ ਮੈਂ ਚੁੱਪਚਾਪ ਤੇਜ਼ੀ ਨਾਲ ਕਮਰੇ ਵੱਲ ਵਧਿਆ। ਥੋੜ੍ਹੀ ਦੇਰ ਬਾਅਦ ਉਹ ਆਉਂਦੀ ਹੈ ਅਤੇ ਦਰਵਾਜ਼ਾ ਬੰਦ ਕਰਕੇ ਜਾਨਕੀ ਨਾਲ ਲੇਟ ਜਾਂਦੀ ਹੈ।

ਟਣ! ਟਣ!! ਟਣ!!! ਮੇਰੇ ਦਿਮਾਗ ਵਿੱਚ ਘੰਟੀਆਂ ਵੱਜਣ ਲੱਗੀਆਂ ਹਨ। ਕੋਈ ਮੇਰੇ ਦਿਮਾਗ ਦੀਆਂ ਨਾੜਾਂ 'ਤੇ ਹਥੌੜੇ ਮਾਰ ਰਿਹਾ ਹੈ। ਅਸਪਸ਼ਟ ਆਵਾਜ਼ਾਂ ਦਾ ਰੌਲਾ-ਰੱਪਾ ਸੁਣਾਈ ਦੇ ਰਿਹਾ ਹੈ, ਅਜੀਬ ਜਿਹੀ ਹਲਚਲ ਮੱਚੀ ਹੋਈ ਹੈ। ਏਥੇ ਇੰਨੇ ਸਾਰੇ ਲੋਕ ਕਿਉਂ ਜਮ੍ਹਾਂ ਹਨ? ਇੰਨਾ ਚੀਕ-ਚਿਹਾੜਾ ਕਿਉਂ ਮੱਚਿਆ ਹੋਇਆ ਹੈ ਕਿ ਕੁਝ ਵੀ ਸੁਣਾਈ ਨਹੀਂ ਦੇ ਰਿਹਾ?

"ਸੌਂ ਗਏ ਹੋ? ਉੱਠੋ, ਗੱਡੀ ਆ ਰਹੀ ਹੈ," ਕਾਂਤੀ ਨੇ ਮੈਨੂੰ ਲਗਭਗ ਝੰਜੋੜਦੇ ਹੋਏ ਕਿਹਾ। ਮੈਂ ਤੁਰੰਤ ਉੱਠ ਬੈਠਾ। ਨੀਂਦ ਟੁੱਟਣ ਨਾਲ ਮੈਨੂੰ ਬੜੀ ਰਾਹਤ ਮਹਿਸੂਸ ਹੋਈ।

ਗੱਡੀ ਗੜਗੜਾਉਂਦੀ ਹੋਈ ਪਲੇਟਫਾਰਮ ਤੇ ਆ ਕੇ ਰੁਕ ਗਈ। ਚਾਹ ਵਾਲੀਆਂ ਅੰਗੀਠੀਆਂ ਦੇ ਆਲੇ-ਦੁਆਲੇ ਇਕੱਠੇ ਹੋਏ ਕੁਲੀਆਂ ਵਿਚ ਹਰਕਤ ਸ਼ੁਰੂ ਹੋ ਗਈ। ਉਹ ਆਪਣੇ ਮੋਢਿਆਂ 'ਤੇ ਰੱਖੇ ਪਰਨਿਆਂ ਨੂੰ ਠੀਕ ਕਰਦੇ ਹੋਏ ਖੜ੍ਹੇ ਹੋ ਗਏ।

"ਸੁਣ, ਗੱਡੀ ਖਾਲੀ ਪਈ ਹੈ। ਚੱਲ ਪਿਛੇ ਵਾਲੇ ਡੱਬੇ ਵਿੱਚ ਚੜ੍ਹਦੇ ਹਾਂ," ਮੈਂ ਬਿਸਤਰਾ ਚੁੱਕਦੇ ਹੋਏ ਕਿਹਾ। ਪਿਛਲੇ ਡੱਬਿਆਂ ਵਿੱਚ ਕਾਫ਼ੀ ਜਗ੍ਹਾ ਸੀ। ਲੋਕੀਂ ਆਰਾਮ ਨਾਲ ਸੁੱਤੇ ਪਏ ਸਨ। "ਚਲੋ ਚੰਗਾ ਹੋਇਆ। ਲੇਟਣ ਲਈ ਜਗ੍ਹਾ ਮਿਲ ਗਈ," ਕਾਂਤੀ ਨੇ ਬਿਸਤਰਾ ਖੋਲ੍ਹ ਕੇ ਵਿਛਾਉਂਦੇ ਹੋਏ ਕਿਹਾ। ਮੈਂ ਆਰਾਮ ਨਾਲ ਲੱਤਾਂ ਪਸਾਰ ਕੇ ਬਿਸਤਰੇ ਵਿਚ ਲੇਟ ਗਿਆ ਅਤੇ ਉਹ ਵੀ ਕੰਬਲ ਲਪੇਟ ਕੇ ਸਾਹਮਣੇ ਵਾਲੀ ਬਰਥ 'ਤੇ ਲੇਟ ਗਈ।

ਪਲੇਟਫਾਰਮ ਦੇ ਦੂਜੇ ਕੈਬਿਨ ਤੋਂ ਬਾਹਰ ਨਿਕਲ ਕੇ ਰੇਲਗੱਡੀ ਨੇ ਰਫ਼ਤਾਰ ਫੜ ਲਈ। ਮੈਂ ਸੌਣ ਦੀ ਕੋਸ਼ਿਸ਼ ਕਰਨ ਲੱਗਿਆ, ਪਰ ਅਤੀਤ ਦੀਆਂ ਘਟਨਾਵਾਂ ਭਿਆਨਕ ਪਰਛਾਵੇਂ ਵਾਂਗ ਸਤਾਉਂਦੀਆਂ ਰਹੀਆਂ। ਟੁੱਟੀਆਂ ਹੋਈਆਂ ਕੜੀਆਂ ਇਕੱਠੀਆਂ ਹੋਣ ਲੱਗੀਆਂ ਅਤੇ ਦੁਬਾਰਾ ਜੁੜਨ ਲੱਗੀਆਂ।

ਬਾਬੂ ਜੀ ਕਚਹਿਰੀ ਜਾਣ ਨੂੰ ਤਿਆਰ ਹੋ ਰਹੇ ਹਨ। ਜੀਆ ਕਹਿੰਦੀ ਹੈ, "ਰਾਜੂ ਦੀ ਹਾਲਤ ਦਿਨੋ-ਦਿਨ ਵਿਗੜਦੀ ਜਾ ਰਹੀ ਹੈ।"

"ਇਲਾਜ ਚੱਲ ਤਾਂ ਰਿਹਾ ਹੈ।

"ਵੈਦ ਜੀ ਦੀ ਦਵਾਈ ਕੰਮ ਨਹੀਂ ਕਰ ਰਹੀ ਜਾਪਦੀ। ਜੇ ਤੁਸੀਂ ਕਹੋ ਤਾਂ ਆਪਾਂ ਕਿਸੇ ਚੰਗੇ ਡਾਕਟਰ ਨੂੰ ਵਿਖਾ ਲਈਏ।"

"ਡਾਕਟਰ ਇਸ ਵਿੱਚ ਕੀ ਕਰੇਗਾ? ਇਹ ਟਾਈਫਾਇਡ ਹੈ। ਜਾਂਦੇ-ਜਾਂਦੇ ਹੀ ਜਾਏਗਾ।"

"ਇੱਕ ਮਹੀਨਾ ਬੀਤ ਗਿਆ ਹੈ, ਹੋਰ ਕਿੰਨਾ ਚਿਰ ਸਬਰ ਕਰਾਂ?" ਜੀਆ ਰੋਣਹਾਕੀ ਹੋ ਗਈ।

"ਬੇਕਾਰ ਦੀਆਂ ਗੱਲਾਂ ਨਾ ਕਰ। ਕੁਝ ਨਹੀਂ ਹੋਵੇਗਾ। ਸਭ ਠੀਕ ਹੈ। ਮੈਂ ਜਾਣ ਤੋਂ ਪਹਿਲਾਂ ਵੈਦ ਜੀ ਨੂੰ ਕਹਿ ਦਿਆਂਗਾ। ਇੱਕ ਵਾਰੀ ਹੁਣੇ ਆ ਕੇ ਵੇਖ ਜਾਣਗੇ।" ਉਹ ਪੂਰੀ ਤਰ੍ਹਾਂ ਨਿਸ਼ਚਿੰਤ ਹੋ ਕੇ ਕਚਹਿਰੀ ਚਲੇ ਜਾਂਦੇ ਹਨ।

ਜੀਆ ਮੈਨੂੰ ਸਕੂਲ ਜਾਣ ਤੋਂ ਰੋਕਦੀ ਹੈ। ਕਮਰੇ ਵਿੱਚ ਮੈਂ ਅਤੇ ਜੀਆ ਸਾਰਾ ਦਿਨ ਰਾਜੂ ਦੇ ਮੰਜੇ ਦੇ ਸਿਰਹਾਣੇ ਬਿਤਾ ਦਿੰਦੇ ਹਾਂ। ਜੀਆ ਦਿਨ-ਭਰ ਕਦੇ ਰਾਜੂ ਦੀ ਨਬਜ਼ ਵੇਖਦੀ ਰਹੀ ਜਾਂ ਉਹਦੇ ਮੱਥੇ 'ਤੇ ਹੱਥ ਫੇਰਦੀ ਰਹੀ। ਰਾਜੂ ਕੁਝ ਬੋਲਦਾ ਨਹੀਂ, ਸਿਰਫ ਅੱਖਾਂ ਖੋਲ੍ਹ ਕੇ ਜੀਆ ਵੱਲ ਵੇਖ ਲੈਂਦਾ ਹੈ।

ਸ਼ਾਮ ਨੂੰ ਮੈਂ ਕਮਰੇ ਤੋਂ ਬਾਹਰ ਨਿਕਲਿਆ। ਬੈਠੇ-ਬੈਠੇ ਮੇਰਾ ਸਰੀਰ ਟੁੱਟਣ ਲੱਗ ਪਿਆ ਸੀ। ਹੱਥ-ਪੈਰ ਸਿੱਧੇ ਕਰਨ ਲਈ ਵਿਹੜੇ ਟਹਿਲਣ ਲੱਗ ਪਿਆ। ਦਿਨ ਢਲ ਰਿਹਾ ਹੈ। ਧੁੱਪ ਵਿਹੜੇ ਤੋਂ ਪਰ੍ਹਾਂ ਛੱਤ ਤੇ ਜਾ ਚੜ੍ਹੀ ਹੈ, ਜਿਵੇਂ ਦਿਨ ਦੀ ਰੌਸ਼ਨੀ ਨੂੰ ਨਾਲ ਲਿਜਾਣ ਲਈ ਛੱਤ ਤੋਂ ਛਾਲ ਮਾਰ ਕੇ ਭੱਜਣ ਦੀ ਤਿਆਰੀ ਵਿੱਚ ਬੈਠੀ ਹੋਵੇ। ਇਸ ਖ਼ਿਆਲ ਨਾਲ ਮੈਨੂੰ ਦਹਿਸ਼ਤ ਹੋਣ ਲੱਗਦੀ ਹੈ। ਮੈਂ ਵਾਪਸ ਕਮਰੇ ਵਿੱਚ ਆ ਜਾਂਦਾ ਹਾਂ। ਉਸੇ ਵੇਲੇ, ਹਾਂ, ਉਸੇ ਵੇਲੇ ਜੀਆ ਚੀਕ ਪਈ। ਮੈਂ ਘਬਰਾ ਕੇ ਇਕਦਮ ਰਾਜੂ 'ਤੇ ਝੁਕਿਆ। ਉਹ ਤੇਜ਼ੀ ਨਾਲ ਸਾਹ ਲੈ ਰਿਹਾ ਹੈ ਅਤੇ ਬੱਸ। ਜੀਆ ਦੇ ਗਲੇ 'ਚੋਂ ਆਵਾਜ਼ ਨਹੀਂ ਨਿਕਲਦੀ। ਮੈਂ ਬੇਤਹਾਸ਼ਾ ਰੋਣ ਲੱਗਿਆ। ਪਾਗਲਾਂ ਵਾਂਗ ਮੈਂ ਗਲੀਆਂ ਅਤੇ ਸੜਕਾਂ ਵਿੱਚੋਂ ਭੱਜਦਾ ਹੋਇਆ ਕਚਹਿਰੀ ਪਹੁੰਚ ਕੇ ਬਾਬੂ ਜੀ ਨੂੰ ਦੱਸਦਾ ਹਾਂ। ਉਨ੍ਹਾਂ ਨੇ ਬਸ ਇੰਨਾ ਕਿਹਾ, "ਘਰ ਚੱਲ, ਮੈਂ ਆ ਰਿਹਾ ਹਾਂ।" ਮੈਂ ਪੁੱਠੇ ਪੈਰੀਂ ਘਰ ਵਾਪਸ ਭੱਜਿਆ। ਗਲੀ ਵਿੱਚ ਕਦਮ ਰੱਖਦੇ ਹੀ ਮੈਨੂੰ ਚੀਕ-ਪੁਕਾਰ ਸੁਣਦੀ ਹੈ। ਮੇਰੇ ਪੈਰਾਂ 'ਚੋਂ ਜਿਵੇਂ ਜਾਨ ਨਿਕਲ ਗਈ ਹੋਵੇ। ਮੈਂ ਪੂਰੀ ਤਾਕਤ ਨਾਲ ਹੋਰ ਤੇਜ਼ ਦੌੜਦਾ ਹਾਂ।

ਵਿਹੜਾ ਖਾਲੀ ਹੈ। ਪੰਜੇ ਭੈਣ-ਭਰਾ ਜੀਆ ਨੂੰ ਚਿੰਬੜੇ ਹੋਏ ਹਨ ਅਤੇ ਜੀਆ ਤਾਈ ਦੀ ਗੋਦੀ ਵਿੱਚ ਆਪਣਾ ਸਿਰ ਪਿੱਟ ਰਹੀ ਹੈ। ਰਾਜੂ ਨੂੰ ਫਰਸ਼ 'ਤੇ ਪਾ ਕੇ ਚਾਦਰ ਨਾਲ ਢਕਿਆ ਹੋਇਆ ਹੈ, ਇਸ ਸੋਚ ਨਾਲ ਕਿ ਉਹ ਹੁਣ ਕਦੇ ਨਹੀਂ ਉਠੇਗਾ। ਮੇਰੀਆਂ ਅੱਖਾਂ ਸਾਹਮਣੇ ਕਮਰਾ ਅਤੇ ਵਿਹੜਾ ਘੁੰਮਣ ਲੱਗਦੇ ਹਨ।

ਉਸੇ ਵੇਲੇ ਬਾਬੂ ਜੀ ਵਿਹੜੇ ਵਿੱਚ ਬੁੱਤ ਵਾਂਗ ਆ ਕੇ ਖੜ੍ਹੇ ਹੋ ਗਏ ਹਨ। ਮੈਂ ਉਨ੍ਹਾਂ ਨਾਲ ਚਿੰਬੜ ਜਾਂਦਾ ਹਾਂ। ਰੋਂਦੇ-ਰੋਂਦੇ ਮੈਨੂੰ ਹਿਚਕੀ ਲੱਗ ਜਾਂਦੀ ਹੈ। ਉਨ੍ਹਾਂ ਦਾ ਹੱਥ ਮੇਰੇ ਸਿਰ 'ਤੇ ਟਿਕਿਆ ਹੋਇਆ ਹੈ ਅਤੇ ਮੈਂ ਹੌਲੀ-ਹੌਲੀ ਬੇਹੋਸ਼ ਹੁੰਦਾ ਜਾ ਰਿਹਾ ਹਾਂ, ਪਰ ਮੈਂ ਹੋਸ਼ ਕਾਇਮ ਰੱਖਣ ਵਿੱਚ ਕਾਮਯਾਬ ਹੋ ਜਾਂਦਾ ਹਾਂ। ਕੋਈ ਜਣਾ ਮੈਨੂੰ ਇੱਕ ਪਾਸੇ ਲਿਜਾ ਕੇ ਸਮਝਾਉਣ ਲੱਗਿਆ ਹੈ। ਇਹ ਸਭ ਸੰਸਕਾਰਾਂ ਦੀ ਗੱਲ ਹੈ ਭਰਾਵਾ! ਜਿਸ ਕੋਲ ਜਿੰਨਾ ਅੰਨ-ਪਾਣੀ ਹੈ, ਉਹਨੇ ਉਨਾ ਹੀ ਖਾਣਾ ਹੈ। ਹਿੰਮਤ ਤੋਂ ਕੰਮ ਲੈ। ਘਰ ਵਿੱਚ ਤੂੰ ਸਭ ਤੋਂ ਵੱਡਾ ਅਤੇ ਸਮਝਦਾਰ ਹੈਂ। ਆਪਣੇ ਪਿਓ ਦਾ ਹਾਲ ਤਾਂ ਤੂੰ ਵੇਖ ਹੀ ਰਿਹਾ ਹੈਂ। ਹੁਣ ਆਪਣੀ ਜ਼ਿੰਮੇਵਾਰੀ ਸਮਝ ਕੇ ਚੱਲ। ਇਸ ਤਰ੍ਹਾਂ ਹਿੰਮਤ ਹਾਰ ਕੇ ਬੈਠੇਂਗਾ ਤਾਂ ਕੰਮ ਕਿਵੇਂ ਚੱਲੇਗਾ?

ਹੌਲੀ-ਹੌਲੀ ਮੇਰੀਆਂ ਹਿਚਕੀਆਂ ਬੰਦ ਹੋ ਗਈਆਂ। ਹੋਸ਼-ਹਵਾਸ ਮੁੜ ਆਇਆ ਹੈ, ਜਿਵੇਂ ਇਸ ਅਣਹੋਣੀ ਨੂੰ ਮੈਂ ਸਵੀਕਾਰ ਕਰ ਲਿਆ ਹੋਵੇ। ਮੈਂ ਹੰਝੂ ਪੂੰਝ ਕੇ ਬੈਠਕ ਵਿੱਚ ਆ ਗਿਆ ਜਿੱਥੇ ਤਾਇਆ ਜੀ ਬਾਬੂ ਜੀ ਨੂੰ ਸਮਝਾ ਰਹੇ ਸਨ।

"ਸਬਰ ਰੱਖ ਮਾਧੋ, ਕਿਸਮਤ ਵਿੱਚ ਲਿਖੇ ਨੂੰ ਕੌਣ ਮੇਟ ਸਕਦਾ ਹੈ। ਜੋ ਹੋਣਾ ਸੀ, ਉਹ ਹੋ ਗਿਆ। ਹੁਣ ਬਾਲ-ਬੱਚਿਆਂ ਦੀ ਚਿੰਤਾ ਕਰ। ਇੰਨੀ ਦੇਰ ਤੋਂ ਰੋਂਦੇ-ਰੋਂਦੇ ਇਨ੍ਹਾਂ ਦਾ ਬੁਰਾ ਹਾਲ ਹੋ ਰਿਹਾ ਹੈ। ਸਬਰ ਕਰ। ਇੱਕ ਨਾਲ ਇੱਕ ਨੂੰ ਹਿੰਮਤ ਮਿਲਦੀ ਹੈ।" ਤਾਇਆ ਜੀ ਆਪਣੀ ਜੇਬ ਵਿੱਚੋਂ ਦਸ ਰੁਪਏ ਦਾ ਨੋਟ ਕੱਢ ਕੇ ਬਾਬੂ ਜੀ ਦੀ ਮੁੱਠੀ ਵਿੱਚ ਫੜਾਉਂਦੇ ਹਨ - "ਰਾਤ ਹੋ ਰਹੀ ਹੈ, ਪਹਿਲਾਂ ਇਹ ਪ੍ਰਬੰਧ ਕਰ। ਜੇ ਦੇਰ ਹੋ ਗਈ ਤਾਂ ਸਰੀਰ ਸਾਰੀ ਰਾਤ ਦੁੱਖ ਝੱਲੇਗਾ। ਜੋ ਗਿਆ ਉਹ ਤਾਂ ਚਲਾ ਗਿਆ। ਮਿੱਟੀ ਰੱਖਣ ਦਾ ਕੀ ਫਾਇਦਾ!"

ਬਾਬੂ ਜੀ ਦੇ ਬਾਹਰ ਜਾਂਦੇ ਹੀ ਮੇਰੇ ਹੰਝੂ ਫਿਰ ਤੋਂ ਵਹਿ ਤੁਰਦੇ ਹਨ। ਬਾਬੂ ਜੀ ਨੂੰ ਉਡੀਕਦੇ-ਉਡੀਕਦੇ ਨੌਂ ਵੱਜ ਗਏ। ਜੀਆ ਦੀਆਂ ਚੀਕਾਂ ਸ਼ਾਂਤ ਹੋ ਗਈਆਂ ਹਨ। ਬੈਠਕ ਵਿੱਚ ਇਕੱਠੇ ਹੋਏ ਲੋਕਾਂ ਵਿਚੋਂ ਚਾਰ-ਪੰਜ ਨੂੰ ਛੱਡ ਕੇ ਬਾਕੀ ਸਾਰੇ ਚਲੇ ਗਏ ਹਨ। ਤਾਇਆ ਜੀ ਬੇਚੈਨੀ ਨਾਲ ਏਧਰ-ਓਧਰ ਆ-ਜਾ ਰਹੇ ਹਨ। ਆਖਰ ਇੰਨੀ ਦੇਰ ਕਰਨ ਦਾ ਕੀ ਮਤਲਬ?

ਬਾਬੂ ਜੀ ਦਸ ਵਜੇ ਤੋਂ ਬਾਅਦ ਘਰ ਪਰਤਦੇ ਹਨ। ਨਸ਼ੇ ਵਿੱਚ ਇੰਨੇ ਧੁੱਤ ਕਿ ਉਹ ਚੰਗੀ ਤਰ੍ਹਾਂ ਖੜ੍ਹੇ ਵੀ ਨਹੀਂ ਹੋ ਸਕਦੇ ਹਨ। ਰਾਜੂ ਦਾ ਆਖਰੀ ਸਮਾਨ ਹੌਲੀ-ਹੌਲੀ ਵਿਹੜੇ ਵਿੱਚ ਰੱਖ ਕੇ ਉਹ ਆਵਾਜ਼ ਮਾਰਦੇ ਹਨ, "ਰਾਜੂ..." ਤੇ ਫਰਸ਼ 'ਤੇ ਪਏ ਰਾਜੂ ਦੀ ਰਜ਼ਾਈ ਵਿੱਚ ਵੜ ਜਾਂਦੇ ਹਨ। ਘਰ ਵਿੱਚ ਫਿਰ ਹਫੜਾ-ਦਫੜੀ ਮੱਚ ਜਾਂਦੀ ਹੈ। ਜੀਆ, ਤਾਈ ਦੀ ਪਕੜ ਤੋਂ ਛੁੱਟ ਕੇ ਆਪਣਾ ਸਿਰ ਫਰਸ਼ 'ਤੇ ਮਾਰਦੀ ਹੈ, ਅਤੇ ਨਿੰਮਾ, ਵਿਸ਼ੂ ਅਤੇ ਜਾਨਕੀ ਚੀਕਦੀਆਂ ਹੋਈਆਂ ਮਾਂ ਨਾਲ ਚਿੰਬੜ ਜਾਂਦੀਆਂ ਹਨ। ਤਾਇਆ ਜੀ ਅਤੇ ਕੁਝ ਹੋਰ ਲੋਕ ਭੱਜ ਕੇ ਕਮਰੇ ਵਿੱਚ ਆਉਂਦੇ ਹਨ। ਉਹ ਬਾਬੂ ਜੀ ਨੂੰ ਰਜ਼ਾਈ ਤੋਂ ਖਿੱਚਦੇ ਹਨ। ਗੁੱਸੇ ਵਿੱਚ ਤਾਇਆ ਜੀ ਉਨ੍ਹਾਂ ਨੂੰ ਲੱਤਾਂ-ਮੁੱਕੇ ਮਾਰਦੇ ਹਨ। ਉਹ ਬਾਬੂ ਜੀ ਨੂੰ ਘੜੀਸਦੇ ਹੋਏ ਬੈਠਕ ਵਿਚ ਲੈ ਆਏ ਹਨ, ਜਿੱਥੇ ਉਨ੍ਹਾਂ ਨੂੰ ਮੰਜੇ 'ਤੇ ਪਾ ਕੇ ਬੈਠਕ ਦੀ ਬਾਹਰੋਂ ਕੁੰਡੀ ਲਗਾ ਦਿੰਦੇ ਹਨ। ਛੱਪਰ ਹੇਠਾਂ ਕੰਧ ਨਾਲ ਢੋਅ ਲਾ ਕੇ ਉਹ ਹਫਣ ਲੱਗੇ ਹਨ।

ਡੱਬੇ ਵਿੱਚ ਚਹਿਲ ਪਹਿਲ ਸ਼ੁਰੂ ਹੋ ਗਈ ਹੈ। ਆਗਰਾ ਪਹੁੰਚਦੇ-ਪਹੁੰਚਦੇ ਸੱਤ ਵੱਜ ਚੁੱਕੇ ਸਨ। ਸਟੇਸ਼ਨ ਤੋਂ ਰਿਕਸ਼ਾ ਲੈ ਕੇ ਅਸੀਂ ਸਿੱਧਾ ਘਰੇ ਪਹੁੰਚੇ।

ਬੈਠਕ ਵਿੱਚ ਵਿਛਿਆ ਰਹਿਣ ਵਾਲਾ ਤਖਤਪੋਸ਼ ਬਾਹਰ ਵਿਹੜੇ ਵਿੱਚ ਖੜ੍ਹਾ ਕਰ ਦਿੱਤਾ ਗਿਆ ਸੀ। ਤਖਤਪੋਸ਼ ਦੀ ਥਾਂ ਵਿਛੀ ਦਰੀ ਤੇ ਜੀਆ ਲੇਟੀ ਹੋਈ ਸੀ।

ਪਤਾ ਹੀ ਨਹੀਂ ਲੱਗਾ ਕਿ ਅੱਠ-ਦਸ ਦਿਨ ਕਿਵੇਂ ਬੀਤ ਗਏ। ਰਿਸ਼ਤੇਦਾਰਾਂ ਅਤੇ ਦੋਸਤਾਂ ਦੀ ਭੀੜ, ਜ਼ਮਾਨੇ ਭਰ ਦੇ ਕਿੱਸੇ, ਦੁਨੀਆਂ ਭਰ ਦੀਆਂ ਗੱਲਾਂ, ਰਾਤ ਨੂੰ ਬੈਠਕ ਵਿੱਚ ਲੱਗਦੀ ਤਾਸ਼-ਪ੍ਰੇਮੀਆਂ ਦੀ ਚੌਂਕੜੀ, ਬਾਬੂ ਜੀ ਦੇ ਸੁਭਾਅ ਦੀ ਚਰਚਾ, ਹਾਸਾ-ਮਜ਼ਾਕ ਅਤੇ ਦਿਲਲਗੀ। ਲੱਗਦਾ ਹੈ, ਲੋਕ ਮੌਤ ਵਿੱਚ ਨਹੀਂ, ਕਿਸੇ ਜਸ਼ਨ ਵਿਚ ਸ਼ਾਮਲ ਹੋਣ ਆਏ ਹਨ।

ਤੇਰ੍ਹਵੀਂ ਤੋਂ ਵਿਹਲੇ ਹੋ ਕੇ ਅਸੀਂ ਬੈਠਕ ਵਿੱਚ ਆਰਾਮ ਕਰਨ ਲਈ ਬੈਠ ਗਏ। ਜਾਨਕੀ ਅਤੇ ਨਿਰਮਲਾ ਨੇ ਕੱਲ੍ਹ ਜਾਣਾ ਸੀ। ਰਮੇਸ਼ ਨੇ ਟੈਲੀਗ੍ਰਾਮ ਦੇ ਕੇ ਆਪਣੀ ਛੁੱਟੀ ਕੱਲ੍ਹ ਤੱਕ ਵਧਾ ਲਈ ਸੀ। ਉਹ ਵੀ ਕੱਲ੍ਹ ਸ਼ਾਮ ਤੱਕ ਚਲਾ ਜਾਵੇਗਾ। ਰਿਸ਼ਤੇਦਾਰ ਤਾਂ ਪਹਿਲਾਂ ਹੀ ਚਲੇ ਗਏ ਸਨ।

ਜੀਆ ਕਿਸ ਨਾਲ ਰਹੇਗੀ? ਇਹ ਅਜੇ ਤੈਅ ਨਹੀਂ ਹੋਇਆ ਸੀ। ਕਾਂਤੀ ਅਤੇ ਰਮੇਸ਼ ਉਸ ਬਾਰੇ ਫੈਸਲਾ ਕਰਨ ਵਿੱਚ ਲੱਗੇ ਹੋਏ ਹਨ। ਰਮੇਸ਼ ਉਸਨੂੰ ਆਪਣੇ ਨਾਲ ਲਿਜਾਣਾ ਚਾਹੁੰਦਾ ਹੈ ਅਤੇ ਕਾਂਤੀ ਦੀ ਜ਼ਿਦ ਹੈ ਕਿ ਜੀਆ ਕੁਝ ਦਿਨ ਉਨ੍ਹਾਂ ਨਾਲ ਰਹੇ। ਜੀਆ ਕੁਝ ਨਹੀਂ ਕਹਿੰਦੀ। ਸਭ ਦੀ ਸੁਣਦੀ ਹੈ। ਮੇਰੀ ਨਜ਼ਰ ਉਹਦੇ ਚਿਹਰੇ 'ਤੇ ਟਿਕੀ

ਹੋਈ ਹੈ, ਜਿੱਥੇ ਅਣਗਿਣਤ ਝੁਰੜੀਆਂ ਵਿਚ ਇਸ ਘਰ ਦਾ ਦਰਦਨਾਕ ਇਤਿਹਾਸ ਛੁਪਿਆ ਹੋਇਆ ਹੈ।

"ਜੀਆ, ਰਮੇਸ਼ ਕੱਲ੍ਹ ਜਾ ਰਿਹਾ ਹੈ ਅਤੇ ਮੈਂ ਵੀ ਇੱਕ-ਦੋ ਦਿਨਾਂ ਵਿੱਚ ਜਾ ਰਿਹਾ ਹਾਂ। ਜਦੋਂ ਤੱਕ ਜੀਅ ਕਰੇ, ਸਾਡੇ ਕੋਲ ਰਹਿ। ਜਦੋਂ ਇੱਛਾ ਹੋਵੇ ਰਮੇਸ਼ ਜਾਂ ਵਿਸ਼ੂ ਕੋਲ ਆ ਜਾਵੀਂ," ਮੈਂ ਕਿਹਾ।

ਉਹ ਚੁੱਪ ਸੀ। ਉਹਦੇ ਜਵਾਬ ਦੀ ਉਡੀਕ ਵਿੱਚ ਅਸੀਂ ਸਾਰੇ ਚੁੱਪ ਸਾਂ।

"ਜੀਆ ਬੋਲ, ਕੀ ਕਹਿੰਦੀ ਹੈਂ," ਰਮੇਸ਼ ਨਿਮਰਤਾ ਨਾਲ ਬੋਲਿਆ।

"ਕੀ ਕਹਾਂ?" ਉਸਨੇ ਭਰੇ ਹੋਏ ਗਲੇ ਨਾਲ ਕਿਹਾ। "ਜਦੋਂ ਸਾਰੀ ਜ਼ਿੰਦਗੀ ਇਸ ਘਰ ਵਿੱਚ ਕੱਟ ਲਈ ਹੈ, ਤਾਂ ਹੁਣ ਅੰਤ ਸਮੇਂ ਇਸ ਦਹਿਲੀਜ਼ ਨੂੰ ਛੱਡ ਕੇ ਕਿੱਥੇ ਜਾਵਾਂਗੀ?"

"ਇਹਦਾ ਮਤਲਬ ਹੈ ਤੂੰ ਇਕੱਲੀ ਰਹੇਂਗੀ?"

"ਇਕੱਲੀ ਕਿਉਂ? ਤੁਸੀਂ ਲੋਕ ਤਾਂ ਆਉਂਦੇ-ਜਾਂਦੇ ਰਹੋਗੇ ਨਾ! ਮੇਰੇ ਲਈ ਇੰਨਾ ਹੀ ਕਾਫ਼ੀ ਹੈ," ਉਹਨੇ ਹੌਲੀ ਜਿਹੀ ਕਿਹਾ।

ਜੀਆ ਦੇ ਆਤਮਵਿਸ਼ਵਾਸ ਨੂੰ ਵੇਖ ਕੇ ਮੇਰਾ ਵਿਸ਼ਵਾਸ ਹਿੱਲ ਗਿਆ। ਜ਼ਿੰਦਗੀ ਵਿੱਚ ਕਿਹੜਾ ਸੁਖ ਮਿਲਿਆ ਇਹਨੂੰ? ਪਤੀ ਦੀ ਕੁੱਟਮਾਰ, ਰਿਸ਼ਤੇਦਾਰਾਂ ਅਤੇ ਗੁਆਂਢੀਆਂ ਦੀ ਹਮਦਰਦੀ - ਉਹ ਹਮਦਰਦੀ ਜੋ ਸਿਰਫ ਤਰਸਯੋਗ ਬਣ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸੰਤਾਨ ਦਾ ਵਿਜੋਗ, ਅਤਿ ਦੀ ਗਰੀਬੀ, ਦੁੱਖ ਅਤੇ ਪੀੜ। ਮੈਂ ਸਮਝ ਨਹੀਂ ਸਕਿਆ ਕਿ ਇਸ ਕਮਜ਼ੋਰ ਸਰੀਰ ਵਿੱਚ ਜੀਣ ਦੀ ਕਿਹੜੀ ਅਟੱਲ ਇੱਛਾ ਛੁਪੀ ਹੋਈ ਹੈ, ਜਿਸਨੇ ਨਰਕ-ਭਰੀ ਜ਼ਿੰਦਗੀ ਦੇ ਦਰਦ ਨੂੰ ਕਿਸਮਤ ਸਮਝ ਕੇ ਸਵੀਕਾਰ ਕੀਤਾ ਹੈ।

ਜੀਆ ਕਿਤੇ ਨਹੀਂ ਜਾਵੇਗੀ। ਜੇ ਉਹਨੇ ਜਾਣਾ ਹੁੰਦਾ ਤਾਂ ਭਰ-ਜਵਾਨੀ ਵਿੱਚ ਆਪਣੇ ਪੇਕੇ ਚਲੀ ਗਈ ਹੁੰਦੀ, ਜਦੋਂ ਬਾਬੂ ਜੀ ਦੇ ਅੱਤਿਆਚਾਰਾਂ ਤੋਂ ਤੰਗ ਆ ਕੇ ਵੱਡੇ ਮਾਮਾ ਜੀ ਜੀਆ ਨੂੰ ਹਮੇਸ਼ਾ ਲਈ ਲਿਜਾਣ ਦੇ ਇਰਾਦੇ ਨਾਲ ਆਪਣੇ ਘਰੋਂ ਚੱਲੇ ਸਨ।

ਮੈਨੂੰ ਲੱਗਿਆ ਕਿ ਬਾਬੂ ਜੀ ਮਰੇ ਨਹੀਂ ਹਨ। ਉਨ੍ਹਾਂ ਦੀ ਹੋਂਦ ਅਜੇ ਵੀ ਮੌਜੂਦ ਸੀ। ਇੱਕ ਪ੍ਰੇਤ ਹੈ ਜੋ ਇਸ ਘਰ ਤੇ ਮੰਡਰਾ ਰਿਹਾ ਹੈ ਅਤੇ ਇਹ ਪ੍ਰੇਤ ਜੀਆ ਨੂੰ ਜ਼ਿੰਦਗੀ-ਭਰ ਆਪਣੇ ਸ਼ਿਕੰਜੇ ਤੋਂ ਮੁਕਤ ਨਹੀਂ ਹੋਣ ਦੇਵੇਗਾ। ਇੱਕ ਦਿਨ ਇਸੇ ਘਰ ਦੀ ਚਾਰਦੀਵਾਰੀ ਵਿਚ ਜੀਆ ਦੀ ਕਰੁਣਾਮਈ ਕਥਾ ਦਾ ਅੰਤ ਹੋ ਜਾਵੇਗਾ।

"ਠੀਕ ਹੈ, ਜਿਵੇਂ ਤੂੰ ਚਾਹੇਂ," ਮੈਂ ਕਿਹਾ।

ਜਾਨਕੀ ਜਾਣ ਦੀ ਤਿਆਰੀ ਵਿੱਚ ਅਟੈਚੀ ਸੰਭਾਲ ਰਹੀ ਸੀ। ਏਧਰ ਨਿੰਮਾ ਦੀ ਛੋਟੀ ਬੇਟੀ ਰਮੇਸ਼ ਦੇ ਪੁੱਤਰ ਦੇ ਲੰਬੇ ਵਾਲਾਂ ਵਿੱਚ ਰਿਬਨ ਬੰਨ੍ਹ ਰਹੀ ਸੀ। ਮੈਂ ਬੱਚਿਆਂ ਦੀ ਇਸ ਖੇਡ ਵਿੱਚ ਸ਼ਾਮਲ ਹੋ ਗਿਆ।

***